# ਉੱਠਣ ਸਾਰ

ਕਾਵਿ-ਸੰਗ੍ਰਹਿ

## ਲੇਖਕ ਦਾ ਸਾਹਿਤਕ ਰਚਨਾ-ਜਗਤ

| | |
|---|---|
| ਰਾਤ ਦਾ ਰੇਗਿਸਤਾਨ | (ਕਾਵਿ-ਸੰਗ੍ਰਹਿ) |
| 'ਤੇ ਅੱਖਰ ਬੋਲ ਪਏ | (ਕਾਵਿ-ਸੰਗ੍ਰਹਿ) |
| ਬੂੰਦ ਤੋਂ ਸਾਗਰ | (ਕਾਵਿ-ਸੰਗ੍ਰਹਿ) |
| ਤੇਰੇ ਨਾਲ | (ਕਾਵਿ-ਸੰਗ੍ਰਹਿ) |
| ਤੇਰੀ ਆਗ਼ੋਸ਼ ਵਿਚ | (ਕਾਵਿ-ਸੰਗ੍ਰਹਿ) |
| ਅੰਤਰ ਯਾਤਰਾ | (ਕਾਵਿ-ਸੰਗ੍ਰਹਿ) |
| ਆ ਦੋ ਗੱਲਾਂ ਕਰੀਏ | (ਕਾਵਿ-ਸੰਗ੍ਰਹਿ) |
| ਜੀਵਨ ਦੇ ਅੰਗ-ਸੰਗ | (ਨਿਬੰਧ-ਸੰਗ੍ਰਹਿ) |
| ਸਵੇਰੇ-ਸਵੇਰੇ | (ਲਘੂ-ਲੇਖ) |
| ਧੁਰ ਅੰਦਰੋਂ | (ਲਘੂ-ਲੇਖ) |
| ਕੰਪਿਊਟਰ ਨਾਲ ਮੁੱਢਲੀ ਜਾਣ-ਪਛਾਣ | (ਗਿਆਨ ਸਾਹਿਤ) |
| ਮਾਈਕਰੋਸਾਫ਼ਟ ਵਰਡ | (ਗਿਆਨ ਸਾਹਿਤ) |
| ਕੰਪਨੀ ਕਾਨੂੰਨ | (ਗਿਆਨ ਸਾਹਿਤ) |
| ਜਿੱਤ ਦਾ ਮਾਰਗ | (ਪ੍ਰੇਰਣਾ ਸਾਹਿਤ) |
| ਖ਼ੁਸ਼ੀ ਦੀ ਖੋਜ | (ਅਨੁਵਾਦ) |
| ਬੁੱਢਾ ਆਦਮੀ ਅਤੇ ਸਮੁੰਦਰ | (ਅਨੁਵਾਦ) |
| ਐਨੀਮਲ ਫ਼ਾਰਮ | (ਅਨੁਵਾਦ) |
| ਕੈਸਟਰਬਰਿੱਜ ਦਾ ਮੇਅਰ | (ਅਨੁਵਾਦ) |
| ਅਸੀਮ ਭਾਰਤੀ ਵਿਰਸਾ | (ਅਨੁਵਾਦ) |
| ਬੇਬਾਕ ਕਹਾਣੀਆਂ | (ਅਨੁਵਾਦ) |
| ਸੈਕਸ, ਸਕਾਚ ਅਤੇ ਸਕਾਲਰਸ਼ਿਪ | (ਅਨੁਵਾਦ) |
| ਮੇਰੇ ਜੀਵਨ ਵਿਚ ਆਈਆਂ ਔਰਤਾ ਅਤੇ ਮਰਦ | (ਅਨੁਵਾਦ) |
| ਲੋਕ-ਵੇਦ | (ਸੰਪਾਦਨ) |
| ਅਰਧ ਸਰੀਰੀ ਮੋਖ ਦੁਆਰੀ | (ਸੰਪਾਦਨ) |
| ਬਾਬਾ ਬੰਦਾ ਸਿੰਘ ਬਹਾਦਰ | (ਸੰਪਾਦਨ) |
| ਸਿੱਖੀ ਸਿਦਕ | (ਸੰਪਾਦਨ) |
| ਸਿਰ ਦੀਜੈ ਕਾਣਿ ਨਾ ਕੀਜੈ | (ਸੰਪਾਦਨ) |
| ਜੀਵਨ-ਜੁਗਤ | (ਸੰਪਾਦਨ) |
| ਪਾਣੀ ਵਾਲਾ ਬਾਬਾ | (ਸੰਪਾਦਨ) |
| ਸਾਕ-ਸੁਹਾਵੇ | (ਸੰਪਾਦਨ) |

# ਉੱਠਣ ਸਾਰ

ਕਾਵਿ-ਸੰਗ੍ਰਹਿ

ਡਾ. ਧਰਮਿੰਦਰ ਸਿੰਘ ਉੱਭਾ

ਜ਼ੋਹਰਾ ਪਬਲੀਕੇਸ਼ਨ, ਪਟਿਆਲਾ (ਪੰਜਾਬ)

# ਉੱਠਣ ਸਾਰ
(ਕਾਵਿ-ਸੰਗ੍ਰਹਿ)
**Uthann Saar**

by
**Dr. Dharminder Singh Ubha**
Principal, GSSDGS Khalsa College, Patiala
M.: +91-98557-11380
E-mail : savidharm@gmail.com

ISBN : 978-93-93842-46-6

2024

Published by :
ZOHRA PUBLICATION
11/4, Teliwara Street, Ragho Majra, Patiala
M. 98147-42995

**Produced and Bound in India**
**All Rights Reserved**
This book is sold subject to the condition that it shall not, by way of trade or otherwise, be lent, resold, hired out, or otherwise circulated without the Author & publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.

# ਸਮਰਪਣ

ਬੇਬੇ-ਬਾਪੂ ਦੇ ਪਿਆਰ ਭੰਡਾਰਾਂ ਨੂੰ
ਬੀਵੀ ਅਤੇ ਬੱਚਿਆਂ ਦੇ ਪਿਆਰਾਂ ਨੂੰ
ਸਾਰੇ ਭੈਣਾਂ-ਭਾਈਆਂ ਰਿਸ਼ਤੇਦਾਰਾਂ ਨੂੰ
ਸੱਚੇ-ਸੁੱਚੇ ਦੋਸਤ, ਬੇਲੀ, ਯਾਰਾਂ ਨੂੰ

# ਭੂਮਿਕਾ ਵਜੋਂ

ਉਠਣ ਸਾਰ ਪੜ੍ਹਨ ਨੂੰ ਮਿਲਦਾ ਹਰ ਦਿਨ ਨਵਾ ਵਿਚਾਰ,
ਸੁਭਾ ਸਵੇਰੇ ਨਵੀਂ ਕਵਿਤਾ ਲਿਖਦਾ ਸਾਡਾ ਉੱਭਾ ਯਾਰ।

ਕਿਸੇ ਵੀ ਸਾਹਿਤਕ ਲਿਖ਼ਤ ਦਾ ਵਿਸ਼ਲੇਸ਼ਣ ਇਸ ਨੁਕਤੇ ਦੇ ਆਧਾਰ 'ਤੇ ਕੀਤਾ ਜਾਂਦਾ ਹੈ ਕਿ ਇਹ ਸਮਾਜ ਦੀ ਕਿਸ ਧਿਰ ਨਾਲ ਖੜਦੀ ਹੈ। ਦਲਿਤ/ਦਮਿਤ ਜਮਾਤ ਨਾਲ ਜਾਂ ਪਦਾਰਥਕ ਉਤਪਾਦਨ ਸਾਧਨਾਂ ਤੇ ਕਾਬਿਜ ਕਾਰਪੋਰੇਟ ਵਿਵਸਥਾ ਦਾ ਹੱਕ ਪੂਰਦੀ ਹੈ। ਅਜੋਕੇ ਸਮੇਂ ਵਿੱਚ ਜਦੋਂ ਕਾਰਪੋਰੇਟ ਸਿਸਟਮ ਨੇ ਆਪਣੇ ਮੁਨਾਫ਼ਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਪੁਰਾਤਨ ਸੱਭਿਆਚਾਰ, ਸਮਾਜਿਕ ਵਿਵਸਥਾ ਅਤੇ ਭਾਈਚਾਰਕ ਸਾਂਝ ਉਪਰ ਇੱਕ ਓਪਰੀ ਜਿਹੀ ਜੀਵਨ ਸ਼ੈਲੀ ਦਾ ਅਜਿਹਾ ਮੁਲਮਾ ਚਾੜ੍ਹ ਦਿੱਤਾ ਹੈ ਜਿਸ ਵਿੱਚ ਹਰ ਨਿੱਜ ਤੱਕ ਸੀਮਤ ਹੋ ਕੇ ਰਹਿ ਗਿਆ ਹੈ। ਆਪਣੇ ਹੀ ਹਿੱਤ ਦੀ ਪੂਰਤੀ ਬਾਰੇ ਸੋਚਦਾ ਹੈ। ਸਮਾਜ ਦੀ ਛੋਟੀ ਤੋਂ ਛੋਟੀ ਇਕਾਈ ਪਰਿਵਾਰ ਨੂੰ ਤੋੜਕੇ ਇੱਕਲੇ ਇੱਕਲੇ ਪ੍ਰਾਣੀ ਵਿੱਚ ਤਬਦੀਲ ਕਰ ਦਿੱਤਾ ਹੈ।ਅਜਿਹੇ ਦੌਰ ਵਿੱਚ ਜ਼ਿਆਦਾਤਰ ਸਾਹਿਤਕ ਲਿਖ਼ਤਾਂ ਜਾਣੇ – ਅਨਜਾਣੇ ਹੀ ਕਾਰਪੋਰੇਟ ਸਿਸਟਮ ਦੀ ਬੋਲੀ ਬੋਲਣ ਲੱਗ ਪਈਆਂ ਹਨ ਪਰ ਅਜਿਹੇ ਦੌਰ ਵਿੱਚ ਕੁੱਝ ਉਹ ਚਿੰਤਨਸ਼ੀਲ ਲੇਖਕ ਵੀ ਹਨ ਜੋ ਸਿਸਟਮ ਵਿਚਲੇ ਸ਼ੌਰ ਅੰਦਰ ਸਿਸਕਦੇ ਜਜ਼ਬਾਤ ਨਾ ਸਿਰਫ਼ ਸੁਣਦੇ ਜਾਂ ਮਹਿਸੂਸ ਹੀ ਕਰਦੇ ਹਨ ਸਗੋਂ ਇੱਕ ਪ੍ਰਤੀਬੱਧ ਲੇਖਕ ਧਰਮ ਨੂੰ ਪਾਲਦੇ ਹੋਏ ਆਪਣੀਆਂ ਸਾਹਿਤਕ ਕਿਰਤਾਂ ਦਾ ਵਿਸ਼ਾ ਵਸਤੂ ਬਣਾਉਂਦੇ ਹਨ।

ਡਾਕਟਰ ਧਰਮਿੰਦਰ ਉੱਭਾ ਆਪਣੀ ਸਾਹਿਤਕ ਲਿਖ਼ਤ "ਉੱਠਣ – ਸਾਰ 101" ਰਾਹੀਂ ਉਪਰੋਕਤ ਲਿਖਤ ਲੇਖਕਾਂ ਦੀ ਕਤਾਰ ਵਿੱਚ ਖੜ੍ਹਾ ਦਿਖਾਈ ਦਿੰਦਾ ਹੈ। ਉਹ ਭੀੜ ਵਿੱਚ ਸ਼ਾਮਲ ਹੋ ਕੇ ਵੀ ਭੀੜ ਦਾ ਹਿੱਸਾ ਨਾ ਬਣਕੇ ਅਲੱਗ ਖੜਾ ਦਿਸਦਾ ਹੈ। ਉਸਦੀ ਇਹ ਲੜੀਵਾਰ ਲਿਖ਼ਤ ਨਿਰੰਤਰ ਬਿਨਾਂ ਨਾਗਾ ਪਾਏ ਸੋਸ਼ਲ ਮੀਡੀਆ ਤੇ ਪ੍ਰਕਾਸ਼ਿਤ ਹੁੰਦੀ ਰਹੀ ਹੈ। ਡਾਕਟਰ ਉਭਾ ਨੇ ਆਪਣੀਆਂ ਇਨ੍ਹਾਂ

ਲਿਖਤਾਂ ਵਿੱਚ ਹਰ ਰੋਜ਼ ਨਵੇਂ ਵਿਸ਼ਿਆਂ ਨੂੰ ਛੋਹਿਆ ਹੈ ਅਤੇ ਕਮਾਲ ਦੀ ਗੱਲ ਇਹ ਹੈ ਕਿ ਉਸਦੀਆਂ ਲਿਖਤਾਂ ਵਿੱਚ ਚੜ੍ਹਦੀ ਕਲਾ ਦਾ ਪ੍ਰਭਾਵ ਪ੍ਰਤੱਖ ਦਿੰਦਾ ਹੈ। ਇਸ ਤੋਂ ਵੱਡੀ ਗੱਲ ਇਹ ਕਿ ਉਹ ਸਿਰਫ਼ ਸਮਸਿਆ ਨੂੰ ਛੋਂਹਦਾ ਹੀ ਨਹੀਂ ਸਗੋਂ ਸਮਾਧਾਨ ਵੱਲ ਵੀ ਪ੍ਰਤਖ ਇਸ਼ਾਰਾ ਕਰਦਾ ਦਿਖਾਈ ਦਿੰਦਾ ਹੈ। ਡਾਕਟਰ ਉੱਭਾ ਦੀ ਇਸ ਲਿਖਤ ਵਿੱਚ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਧਾਰਮਿਕ ਵਿਸ਼ਾਂ ਨੂੰ ਪੂਰਾ ਉਭਾਰਿਆ ਹੈ। ਅਤੇ ਵੱਡੀ ਗੱਲ ਇਹ ਕਿ ਜਿਹਨਾਂ ਵਰਤਾਰਿਆਂ ਨੂੰ ਕਾਰਪੋਰੇਟ ਸਿਸਟਮ ਨੇ ਆਪਣੇ ਹਿੱਤਾਂ ਦੀ ਪੂਰਤੀ ਦਾ ਸਾਧਨ ਬਣਾਇਆ ਹੈ ਡਾਕਟਰ ਉੱਭਾ ਇਹਨਾਂ ਵਰਤਾਰਿਆਂ ਵਿਚਲੀਆਂ ਗੁਝੀਆਂ ਰਮਜ਼ਾਂ ਨੂੰ ਸ਼ੋਸ਼ਿਤ ਵਰਗ ਦੀ ਮੁਕਤੀ ਦੇ ਹਥਿਆਰ ਵਜੋਂ ਪੇਸ਼ ਕਰਦਾ ਹੈ।

ਡਾਕਟਰ ਉੱਭਾ ਦੀ ਇਹ ਲਿਖਤਾਂ ਨੂੰ ਸਾਹਿਤਕ ਪਰਿਵਾਰ ਵਿੱਚ ਸਤਿਕਾਰ ਸਹਿਤ ਪ੍ਰਵਾਨ ਕਰਨਾ ਬਣਦਾ ਹੈ।

ਆਮੀਨ .......!!!!!

ਬਲਰਾਜ ਮਾਨ
ਮਾਨਸਾ

# ਉੱਠਣ ਸਾਰ

"ਉੱਠਣ ਸਾਰ" ਜਦੋਂ ਤੜ੍ਹਕੇ ਤੜ੍ਹਕੇ,
ਨਿਤਨੇਮ ਅਤੇ ਸੈਰ ਮੈਂ ਕਰਕੇ,
ਦਿਲ ਨੂੰ ਇੱਕ ਸਕੂਨ ਹੈ ਮਿਲਦਾ,
ਜਦੋਂ ਹਾਂ ਤੇਰੀ ਕਵਿਤਾ ਪੜ੍ਹਦਾ।
ਕਿ ਇਸ ਪਖੰਡ ਦੀ ਦੁਨੀਆ ਵਿੱਚ,
ਕੋਈ ਤਾਂ ਹੈ ਜੋ ਸੱਚ ਨਾਲ ਖੜਦਾ
ਲਿਖ ਕੇ ਦਿਲ ਦੀਆਂ ਗਹਿਰਾਈਆਂ ਵਿੱਚੋਂ,
ਹੀਰਿਆਂ ਵਾਂਗ ਅਲਫਾਜ਼ ਹੈ ਜੜ੍ਹਦਾ।
"ਸਿੱਧੂ" ਮੰਗੇ ਤੇਰੀ ਸਲਾਮਤ,
ਸਦਾ ਰਹੀ ਫੁੱਲਾਂ ਵਾਂਗ ਖਿੜ੍ਹਦਾ
ਜਿਉਂਦਾ ਰਹਿ ਧਰਮਿੰਦਰ ਵੀਰੇ,
ਇਸੇ ਤਰ੍ਹਾਂ ਰਹੀਂ ਕਲਮਾ ਘੜ੍ਹਦਾ।
ਕਲਯੁਗ ਦੇ ਘੋਰ ਅੰਧੇਰੇ ਵਿੱਚ,
ਸਦਾ ਰਹੀ ਸੂਰਜ ਵਾਂਗ ਚੜ੍ਹਦਾ
ਸਦਾ ਰਹੀ ਸੂਰਜ ਵਾਂਗ ਚੜ੍ਹਦਾ।

ਡਾ. ਸ਼ੇਰ ਜੰਗ ਸਿੰਘ ਸਿੱਧੂ
ਮਾਨਸਾ

# ਚਾਨਣ ਭਰੀ ਸਵੇਰ

ਉੱਠਣ ਸਾਰ ਵਿਹੜੇ ਆਉਂਦਾ ਹੈ
ਸਾਡੇ ਮਨ ਸੁੱਤਿਆਂ ਨੂੰ ਜਗਾਉਂਦਾ ਹੈ।

ਸੁੱਖ ਦੁੱਖ ਦੀਆਂ ਇਹ ਪਾਉਂਦਾ ਬਾਤਾਂ
ਆਸ ਦੀ ਡੋਰ ਫੜਾਉਂਦਾ ਹੈ
ਸੋਹਣੇ ਸੋਹਣੇ ਸ਼ਬਦਾਂ ਦੇ ਨਾਲ
ਜੀਵਨ ਜਾਚ ਸਿਖਾਉਂਦਾ ਹੈ।

ਡਿੱਗਣਾ ਢਹਿਣਾ ਰੁਕਨਾਂ ਨਹੀਂ
ਬਣ ਹਿੰਮਤ ਸਾਨੂੰ ਉਠਾਉਂਦਾ ਹੈ
ਕਦੇ ਗੱਲਾਂ ਕਰ ਇਧਰ ਉਧਰ ਦੀਆਂ
ਕਦੇ ਅੰਤਰ ਝਾਤ ਪਵਾਉਂਦਾ ਹੈ।

ਨਵੇਂ ਦਿਨ ਲੈ ਨਵੀਆਂ ਉਮੀਦਾਂ
ਹਰ ਰੋਜ਼ ਇਹ ਫੇਰੀ ਪਾਉਂਦਾ ਹੈ
ਉੱਠਣ ਸਾਰ ਪੜ੍ਹੋ ਕੁਝ ਚੰਗਾ
ਸਾਨੂੰ ਆਣ ਸਮਝਾਉਂਦਾ ਹੈ।

ਪਰਮਿੰਦਰ ਕੌਰ ਕਰਾਂਤੀ

# ਉੱਠਣ ਸਾਰ

ਉੱਭਾ ਤੂੰ ਕੋਈ ਬੰਦਾ ਆਮ ਨਹੀਂ,
ਸਾਰਾ ਦਿਨ ਲਿਖਦਾ ਰਹਿੰਦਾ ਏਂ,
ਕਿਤੇ ਕਰਦਾ ਆਰਾਮ ਨਹੀਂ।
ਜਿੱਥੇ ਕੀਤੀ ਯਾਤਰਾ ਨਾਂ ਹੋਵੇ,
ਕੋਈ ਐਸਾ ਧਾਮ ਨਹੀਂ।
ਹਰ ਵੇਲੇ ਸੋਚੇਂ ਸਮਾਜ ਲਈ ,
ਤੇਰੇ ਲਈ ਕੋਈ ਸਵੇਰ ਨਹੀਂ, ਕੋਈ ਸ਼ਾਮ ਨਹੀਂ।

ਸੁਖਦੇਵ ਸਿੰਘ ਖਹਿਰਾ

# ਦੋ ਸ਼ਬਦ

'ਉੱਠਣ ਸਾਰ' ਮੇਰਾ ਅੱਠਵਾਂ ਕਾਵਿ ਸੰਗ੍ਰਹਿ ਹੈ। ਇਹ ਸਾਰੀਆਂ ਕਵਿਤਾਵਾਂ ਮੈਂ ਲਗਾਤਾਰ 101 ਦਿਨ ਸਵੇਰੇ ਉੱਠਦੇ ਸਾਰ ਸੋਸ਼ਲ ਮੀਡੀਆ ਦੇ ਵੱਖ-ਵੱਖ ਮਾਧਿਅਮਾਂ ਰਾਹੀਂ ਸਾਰੇ ਦੋਸਤਾਂ ਮਿੱਤਰਾਂ ਨੂੰ ਭੇਜੀਆਂ ਹਨ। ਇਹਨਾਂ ਵਿੱਚੋਂ ਬਹੁਤੀਆਂ ਕਵਿਤਾਵਾਂ ਜਾਂ ਤਾਂ ਸਵੇਰੇ ਹੀ ਲਿਖੀਆਂ ਗਈਆਂ ਜਾਂ ਜੋ ਅੱਧ-ਲਿਖੀਆਂ ਸਨ ਉਹਨਾਂ ਨੂੰ ਸਵੇਰੇ ਉੱਠਦੇ ਸਾਰ ਪੂਰਾ ਕੀਤਾ ਗਿਆ। ਮੈਨੂੰ ਇਹ ਜਾਪਦਾ ਹੈ ਕਿ ਇਹ 101 ਦਿਨ ਪੂਰੀ ਤਰ੍ਹਾਂ ਜਾਬਤੇ ਵਿੱਚ ਰਹਿੰਦੇ ਹੋਏ ਮੈਂ ਆਪਣੇ ਇਸ ਕਾਰਜ ਨੂੰ ਪੂਰਾ ਕੀਤਾ। ਇਹਨਾਂ ਦਿਨਾਂ ਦੌਰਾਨ ਮੈਂ ਘੁੰਮਣ ਫਿਰਨ ਵੀ ਗਿਆ, ਰਿਸ਼ਤੇਦਾਰੀ ਵਿੱਚ ਵੀ ਗਿਆ ਪਰ ਮੈਂ ਆਪਣੇ ਸਵੇਰੇ ਉੱਠ ਕੇ ਲਿਖਣ ਦੇ ਨੇਮ ਨੂੰ ਨਹੀਂ ਤੋੜਿਆ। ਮੈਨੂੰ ਇਸ ਗੱਲ ਨਾਲ ਬਹੁਤ ਖੁਸ਼ੀ, ਤਸੱਲੀ ਅਤੇ ਸਕੂਨ ਮਿਲਿਆ ਕਿ ਮੈਂ ਆਪਣੇ ਇਸ ਮਿਸ਼ਨ ਵਿੱਚ ਸਫਲ ਹੋਇਆ ਹਾਂ।

ਇਸ ਕਾਵਿ-ਸੰਗ੍ਰਹਿ ਦੀਆਂ ਸਾਰੀਆਂ ਕਵਿਤਾਵਾਂ ਲੈਅ-ਬੱਧ ਹਨ ਅਤੇ ਜ਼ਿੰਦਗੀ ਦੇ ਵੱਖ-ਵੱਖ ਪਹਿਲੂਆਂ ਨਾਲ ਸੰਬੰਧਿਤ ਹਨ। ਇਹਨਾਂ ਵਿੱਚ ਬਹੁਤੀਆਂ ਕਵਿਤਾਵਾਂ ਉਤਸ਼ਾਹ ਅਤੇ ਪ੍ਰੇਰਨਾ ਵਿੱਚ ਵਾਧਾ ਕਰਨ ਵਾਲੀਆਂ ਹਨ, ਕੁਝ ਕਵਿਤਾਵਾਂ ਥੋੜ੍ਹੇ ਬਹੁਤੇ ਗੁੱਸੇ ਜਾਂ ਰੰਜਿਸ਼ ਦਾ ਪ੍ਰਗਟਾਵਾ ਵੀ ਹਨ ਅਤੇ ਕਿਤੇ-ਕਿਤੇ ਕੁਝ ਅਫਸੋਸ, ਨਿਰਾਸ਼ਾ ਜਾਂ ਉਦਾਸੀ ਦਾ ਝਲਕਾਰਾ ਵੀ ਪੈਂਦਾ ਹੈ। ਮੈਂ ਇਸ ਗੱਲ ਵੱਲ ਕੋਈ ਤਵੱਕੋ ਜਾਂ ਧਿਆਨ ਨਹੀਂ ਦਿੱਤਾ ਕਿ ਮੈਂ ਕਿਹੜੇ ਵਿਸ਼ੇ ਤੇ ਕਵਿਤਾ ਲਿਖਣੀ ਹੈ ਬਲਕਿ ਵਿਸ਼ੇ ਮੇਰੇ ਕੋਲੇ ਆਪ ਮੁਹਾਰੇ ਆਉਂਦੇ ਗਏ ਅਤੇ ਮੈਂ ਕਵਿਤਾ ਦੀ ਰਚਨਾ ਕਰਦਾ ਗਿਆ। ਮੈਨੂੰ ਇਹ ਵੀ ਇਲਮ ਹੈ ਕਿ ਮੇਰੇ ਪਾਸ ਲੈਅ-ਬੱਧ ਕਵਿਤਾ ਦੇ ਪਿੰਗਲ ਜਾਂ ਨਿਯਮਾਂ ਦਾ ਕਿਸੇ ਕਿਸਮ ਦਾ ਕੋਈ ਉਪਚਾਰਕ ਗਿਆਨ ਜਾਂ ਸੂਝ-ਸਮਝ ਨਹੀਂ ਹੈ ਪਰ ਫਿਰ ਵੀ ਮੈਨੂੰ ਜਾਪਦਾ ਹੈ ਕਿ ਇਹਨਾਂ ਵਿੱਚੋਂ ਬਹੁਤੀਆਂ ਕਵਿਤਾਵਾਂ ਸ਼ਾਇਦ ਕਵਿਤਾ ਦੇ ਕਿਸੇ ਨੇਮ ਜਾਂ ਨਿਯਮ ਨੂੰ ਨਹੀਂ ਤੋੜਦੀਆਂ।

ਇਹਨਾਂ ਕਵਿਤਾਵਾਂ ਨੂੰ ਲਿਖਣ ਦੇ 101 ਦਿਨਾਂ ਦੌਰਾਨ ਮੈਨੂੰ ਰਾਤਾਂ ਨੂੰ

ਬੇਚੈਨੀ ਅਤੇ ਅੱਚਵੀ ਦਾ ਜਰੂਰ ਸਾਹਮਣਾ ਕਰਨਾ ਪਿਆ ਕਿਉਂਕਿ ਰਾਤ ਨੂੰ ਸੁਪਨਿਆਂ ਵਿੱਚ ਜਾਂ ਅੱਧ-ਨੀਂਦਰੇ ਰੂਪ ਵਿੱਚ ਇਹ ਕਵਿਤਾਵਾਂ ਮੇਰੇ ਕੋਲੇ ਆ ਕੇ ਮੇਰੇ ਨਾਲ ਛੇੜ-ਛਾੜ ਕਰਦੀਆਂ ਰਹੀਆਂ ਅਤੇ ਕਈ ਵਾਰ ਤਾਂ ਮੈਨੂੰ ਸਵੇਰੇ ਬਹੁਤ ਹੀ ਸੁਵਖਤੇ ਜਗਾ ਲੈਂਦੀਆਂ ਸਨ ਤਾਂ ਜੋ ਮੈਂ ਇਹਨਾਂ ਨੂੰ ਪੂਰਾ ਕਰ ਸਕਾਂ। ਪਰ ਫਿਰ ਵੀ ਇਹ ਬੇਅਰਾਮੀ, ਅੱਚਵੀ ਜਾਂ ਉਨੀਂਦਰਾਪਣ ਮੇਰੇ ਲਈ ਕਿਸੇ ਵੀ ਤਰੀਕੇ ਨਾਲ ਅਸੁਵਿਧਾਜਨਕ ਨਹੀਂ ਰਿਹਾ ਬਲਕਿ ਮੈਨੂੰ ਸਕੂਨ ਦੇਣ ਵਾਲਾ ਰਿਹਾ ਅਤੇ ਇਸ ਦਾ ਕੋਈ ਵੀ ਨਾਕਾਰਾਤਮਕ ਅਸਰ ਮੇਰੇ ਰੋਜ਼ ਮਰਾ ਦੇ ਕੰਮਕਾਰ ਜਾਂ ਡਿਊਟੀ ਉੱਪਰ ਨਹੀਂ ਪਿਆ।

ਕਵਿਤਾ ਮੇਰੇ ਬਚਪਨ ਦਾ ਸ਼ੌਂਕ ਹੈ। ਮੈਂ ਸਭ ਤੋਂ ਪਹਿਲਾਂ ਵੱਖ-ਵੱਖ ਗੁਰਪੁਰਬਾਂ ਦੇ ਮੌਕੇ ਤੇ ਗੁਰਦੁਆਰਾ ਸਾਹਿਬਾਨਾ ਵਿੱਚ ਜਾ ਕੇ ਕਵਿਤਾ ਬੋਲਦਾ ਰਿਹਾ ਹਾਂ। ਉਸ ਤੋਂ ਬਾਅਦ ਸਕੂਲ, ਕਾਲਜ ਅਤੇ ਯੂਨੀਵਰਸਟੀ ਦੇ ਸਮੇਂ ਵਿੱਚ ਵੀ ਮੈਂ ਵੱਖ-ਵੱਖ ਕਾਵਿ ਉਚਾਰਨ ਮੁਕਾਬਲਿਆਂ ਵਿੱਚ ਹਿੱਸਾ ਲਿਆ ਅਤੇ ਕਈ ਇਨਾਮ ਵੀ ਜਿੱਤੇ। ਮੇਰੇ ਨੌਂਕਰੀ ਲੱਗਣ ਤੋਂ ਬਾਅਦ ਜਦ ਮੈਂ ਸਰਹੰਦ ਵਿਖੇ ਸਾਹਿਤ ਸਭਾ ਦਾ ਮੈਂਬਰ ਬਣਿਆ ਤਾਂ ਮੈਨੂੰ ਕਵਿਤਾ ਲਿਖਣ ਦੀ ਚੇਟਕ ਵੀ ਲੱਗ ਗਈ। ਕਵਿਤਾ ਲਿਖ ਕੇ ਮੈਨੂੰ ਸਿਖਰ ਦਾ ਆਨੰਦ ਆਉਣ ਲੱਗਿਆ। ਹੌਲੀ ਹੌਲੀ ਕਵਿਤਾ ਲਿਖਣਾ ਮੇਰਾ ਪਹਿਲਾ ਇਸ਼ਕ ਬਣ ਗਿਆ, ਮੇਰਾ ਜਨੂੰਨ ਬਣ ਗਿਆ, ਮੇਰੀ ਜਿੰਦ ਜਾਨ ਬਣ ਗਿਆ ਤੇ ਮੈਨੂੰ ਕਵਿਤਾ ਦੇ ਨਾਲ ਬਿਤਾਇਆ ਹੋਇਆ ਹਰ ਪਲ ਬਹੁਤ ਹੀ ਸੁਹਾਵਨਾ ਮਹਿਸੂਸ ਹੋਣ ਲੱਗਿਆ। ਮੇਰਾ ਕਵਿਤਾ ਦੇ ਨਾਲ ਬਹੁਤ ਜੀਅ ਲੱਗਣ ਲੱਗਿਆ ਅਤੇ ਮੈਂ ਕਵਿਤਾ ਦੇ ਨਸ਼ੇ ਵਿੱਚ ਝੂਮਣ ਲੱਗਿਆ।

ਇੱਥੇ ਇਹ ਵੀ ਦੱਸਣ ਯੋਗ ਹੈ ਕਿ ਜਦੋਂ ਵੀ ਮੇਰੀ ਕਾਵਿ-ਰਚਨਾ ਹੁੰਦੀ ਹੈ ਤਾਂ ਇਹ ਲਗਾਤਾਰ ਇੱਕ ਝੱਲ ਵਾਂਗ ਚੱਲਦੀ ਹੈ ਅਤੇ ਫਿਰ ਵਿੱਚ ਦੀ ਕਾਫੀ ਅਰਸਾ ਪੈ ਜਾਂਦਾ ਹੈ ਜਦੋਂ ਮੈਂ ਕੋਈ ਕਵਿਤਾ ਨਹੀਂ ਲਿਖਦਾ। ਉਹਨਾਂ ਦਿਨਾਂ ਵਿੱਚ ਮੈਂ ਵਾਰਤਕ ਲਿਖਦਾ ਹਾਂ, ਲੇਖ ਲਿਖਦਾ ਹਾਂ ਪਰ ਉਸ ਵਿੱਚ ਵੀ ਮੈਂ ਕਵਿਤਾ ਵਾਂਗ ਆਨੰਦ ਲੈਂਦਾ ਹਾਂ। ਫਿਰ ਕੁਝ ਸਮੇਂ ਦੇ ਆਰਾਮ ਬਾਅਦ ਕਵਿਤਾ ਮੇਰੇ ਕੋਲ ਮੁੜ ਹਾਜ਼ਰ ਹੋ ਜਾਂਦੀ ਹੈ ਅਤੇ ਮੈਨੂੰ ਤਰੋ ਤਾਜ਼ਾ ਕਰ ਦਿੰਦੀ ਹੈ। ਮੈਂ ਸ਼ਿੱਦਤ ਨਾਲ ਮਹਿਸੂਸ ਕਰਦਾ ਹਾਂ ਕਿ ਇਹ ਕਵਿਤਾ ਰੱਬ ਦੀ ਰਹਿਮਤ ਹੈ, ਉਸਦੀ ਕਿਰਪਾ ਹੈ ਅਤੇ ਉਸਦੀ ਮਿਹਰ ਹੈ। ਵੈਸੇ ਜਿੰਦਗੀ ਦੇ ਹਰ ਪੱਖ ਵਿੱਚ ਹੀ ਮੇਰੇ ਅਤੇ ਮੇਰੇ ਪਰਿਵਾਰ ਉੱਪਰ ਪਰਮਾਤਮਾ ਦੀ ਬਹੁਤ ਮਿਹਰ ਰਹੀ ਹੈ। ਉਸ ਨੇ ਮੇਰੇ ਨਾਲ ਬਹੁਤ ਲਾਡ ਲਡਾਇਆ ਹੈ। ਇਸਦਾ ਭਾਵ ਇਹ ਨਹੀਂ ਕਿ ਮੈਂ ਕਦੇ ਦੁੱਖ ਜਾਂ ਤਕਲੀਫ

ਵਿੱਚ ਨਹੀਂ ਆਇਆ ਪਰ ਜਦ ਵੀ ਅਜਿਹੀ ਸਥਿਤੀ ਆਈ ਹੈ ਉੱਥੇ ਵੀ ਵਾਹਿਗੁਰੂ ਦੀ ਕਿਰਪਾ ਸਦਕਾ ਸਭ ਕੁਝ ਚੰਗਾ ਹੀ ਹੋਇਆ ਹੈ।

ਮੇਰਾ ਰੱਬ ਵਿੱਚ ਅਟੁੱਟ ਵਿਸ਼ਵਾਸ ਹੈ ਅਤੇ ਪਰਮਾਤਮਾ ਦੀ ਹੋਂਦ ਮੈਂ ਚਾਰੇ ਪਾਸੇ ਅੰਦਰ-ਬਾਹਰ ਹਮੇਸ਼ਾ ਮਹਿਸੂਸ ਕਰਦਾ ਹਾਂ। ਮੈਂ ਸਾਰੀਆਂ ਰੱਬੀ ਰਹਿਮਤਾਂ ਅਤੇ ਪਰਮਾਤਮਾ ਦੀ ਅਪਾਰ ਕਿਰਪਾ ਲਈ ਉਸ ਦਾ ਜਿੰਨਾ ਸ਼ੁਕਰਾਨਾ ਕਰਾਂ ਓਨਾਂ ਹੀ ਥੋੜ੍ਹਾ ਹੈ। ਮੇਰਾ ਰੋਮ-ਰੋਮ ਉਸ ਅਕਾਲ ਪੁਰਖ ਵਾਹਿਗੁਰੂ ਦੇ ਚਰਨਾਂ ਵਿੱਚ ਨਤਮਸਤਕ ਹੋ ਕੇ ਸਜਦਾ ਕਰਦਾ ਹੈ। ਮੇਰੇ ਪਰਿਵਾਰ ਦੇ ਸਾਰੇ ਹੀ ਮੈਂਬਰ ਮੈਨੂੰ ਰੱਜ ਕੇ ਮੋਹ ਪਿਆਰ ਕਰਦੇ ਹਨ ਅਤੇ ਮੈਨੂੰ ਵੱਡਿਆਂ ਛੋਟਿਆਂ ਸਭ ਤੋਂ ਇੱਕ ਨਵੇਕਲੇ ਕਿਸਮ ਦਾ ਪਿਆਰ ਮਿਲਦਾ ਹੈ। ਮੈਂ ਆਪਣੇ ਸਾਰੇ ਹੀ ਪਰਿਵਾਰ ਦੇ ਮੈਂਬਰਾਂ ਦਾ ਮੇਰੇ ਤੇ ਇਹ ਅਸੀਸਾਂ ਦੀ ਬਖਸ਼ਿਸ਼ ਕਰਨ ਲਈ ਬਹੁਤ ਹੀ ਸ਼ੁਕਰ ਗੁਜ਼ਾਰ ਹਾਂ। ਜੇਕਰ ਤੁਹਾਡਾ ਜੀਵਨ ਸਾਥੀ ਅਤੇ ਤੁਹਾਡੇ ਬੱਚੇ ਪੂਰੀ ਸ਼ਿੱਦਤ ਨਾਲ ਤੁਹਾਡਾ ਸਾਥ ਦੇਣ ਤਾਂ ਜੀਵਨ ਵਿੱਚ ਰੰਗ ਭਾਗ ਲੱਗ ਜਾਂਦੇ ਹਨ। ਮੈਂ ਇਸ ਗੱਲ ਤੋਂ ਭਾਗਾਂ ਵਾਲਾ ਹਾਂ ਕਿ ਮੈਨੂੰ ਮੇਰੀ ਅਰਧਾਂਗਣੀ ਸਵਰਨਜੀਤ ਅਤੇ ਮੇਰੇ ਬੱਚਿਆਂ ਵੱਲੋਂ ਬਹੁਤ ਹੀ ਰੱਜਵਾਂ ਪਿਆਰ ਸਤਿਕਾਰ ਅਤੇ ਵਧੀਆ ਵਾਤਾਵਰਨ ਮਿਲਿਆ ਹੈ।

ਇਹ ਕਿਹਾ ਜਾਂਦਾ ਕਿ ਤੁਹਾਡੇ ਦੋਸਤ ਤੁਹਾਡਾ ਬਹੁਤ ਵੱਡਾ ਸਰਮਾਇਆ ਹੁੰਦੇ ਹਨ ਅਤੇ ਮੈਂ ਇਸ ਗੱਲੋਂ ਵੀ ਭਾਗਸ਼ਾਲੀ ਹਾਂ ਕਿ ਮੇਰੇ ਨੇੜੇ ਦੇ ਦੋਸਤ ਮੇਰੇ ਪ੍ਰਤੀ ਬਹੁਤ ਸੁਹਿਰਦ ਹਨ ਅਤੇ ਹਮੇਸ਼ਾ ਮੇਰੇ ਦੁੱਖ ਸੁੱਖ ਵਿੱਚ ਮੇਰੇ ਨਾਲ ਖੜ੍ਹਦੇ ਹਨ ਅਤੇ ਮੇਰੇ ਉਤਸ਼ਾਹ ਅਤੇ ਪ੍ਰੇਰਨਾ ਵਿੱਚ ਵਾਧਾ ਕਰਦੇ ਹਨ। ਮੇਰੀਆਂ ਕਵਿਤਾਵਾਂ ਵਿੱਚ ਜੋ ਉਤਸ਼ਾਹ, ਪਿਆਰ, ਮਲਾਰ ਅਤੇ ਪ੍ਰੇਰਨਾ ਤੁਹਾਨੂੰ ਦਿਖਾਈ ਦਿੰਦੀ ਹੈ ਉਹ ਉਪਰੋਕਤ ਸਾਰੇ ਕਾਰਨਾ ਕਰਕੇ ਹੈ। ਮੈਂ ਨਿੱਜੀ ਤੌਰ ਤੇ ਵੀ ਆਸ਼ਾਵਾਦੀ ਵਿਅਕਤੀ ਹਾਂ ਅਤੇ ਬਹੁਤੀਆਂ ਸਥਿਤੀਆਂ ਵਿੱਚ ਜੀਵਨ ਵਿੱਚ ਚੜ੍ਹਦੀ ਕਲਾ ਵਾਲਾ ਨਜ਼ਰੀਆ ਰੱਖਦਾ ਹਾਂ। ਮੈਂ ਛੇਤੀ ਹਾਰ ਮੰਨ ਕੇ ਬੈਠਣ ਵਾਲਾ ਨਹੀਂ ਬਲਕਿ ਆਪਣੀ ਧੁਨ ਵਿੱਚ ਲਗਾਤਾਰ ਆਪਣੇ ਕੰਮ ਵਿੱਚ ਲੱਗਿਆ ਰਹਿੰਦਾ ਹਾਂ। ਇਸ ਦਾ ਇਵਜ਼ਾਨਾ ਵੀ ਮੈਨੂੰ ਪਰਮਾਤਮਾ ਵੱਲੋਂ ਹਮੇਸ਼ਾ ਮਿਲਿਆ ਹੈ।

ਪਿਆਰੇ ਪਾਠਕੋ! ਸ਼ਾਇਦ ਮੈਂ ਆਪਣੇ ਬਾਰੇ ਕੁਝ ਜਿਆਦਾ ਵੱਧ ਘੱਟ ਕਹਿ ਗਿਆ ਹਾਂ। ਪਰ ਸੱਚ ਜਾਨਿਓ ਇਸ ਪਿੱਛੇ ਮੇਰਾ ਮਕਸਦ ਸਵੈ-ਪ੍ਰਸ਼ੰਸਾ ਜਾਂ ਸਵੈ-ਤਰੀਫ ਕਰਨਾ ਨਹੀਂ ਬਲਕਿ ਤੁਹਾਡੇ ਸਨਮੁਖ ਉਹ ਸਪਸ਼ਟ ਨਜ਼ਰੀਆ ਰੱਖਣਾ ਹੈ ਜੋ ਮੈਂ ਮਹਿਸੂਸ ਕਰਦਾ ਹਾਂ ਕਿ ਪਰਮਾਤਮਾ ਨੇ ਮੈਨੂੰ ਬਖਸ਼ਿਆ ਹੈ। ਇਹ ਗੱਲ ਪੱਕੀ ਹੈ ਕਿ ਜ਼ਿੰਦਗੀ ਹਮੇਸ਼ਾ ਹੀ ਦੁੱਖਾਂ-ਸੁੱਖਾਂ, ਖੁਸ਼ੀਆਂ-ਗਮੀਆਂ, ਹਾਸੇ-ਹੰਝੂਆਂ

ਅਤੇ ਸਫਲਤਾਵਾਂ-ਅਸਫਲਤਾਵਾਂ ਦਾ ਸੁਮੇਲ ਹੈ। ਸਾਡਾ ਫਰਜ਼ ਹੈ ਕਿ ਅਸੀਂ ਉਤਸ਼ਾਹ ਨਾਲ, ਚੜ੍ਹਦੀ ਕਲਾ ਨਾਲ ਅਤੇ ਹੌਸਲੇ ਨਾਲ ਲਗਾਤਾਰ ਚਲਦੇ ਰਹੀਏ। ਰਸਤੇ ਆਪਣੇ ਆਪ ਬਣ ਜਾਣਗੇ। ਜੀਵਨ ਖੂਬਸੂਰਤ ਬਣ ਜਾਵੇਗਾ। ਇਹ ਜੀਵਨ ਪਰਮਾਤਮਾ ਦਾ ਖੂਬਸੂਰਤ ਤੋਹਫਾ ਹੈ। ਇਸ ਨੂੰ ਮਾਣੀਏ-ਆਨੰਦ ਲਈਏ-ਮੌਜਾਂ ਨਾਲ-ਖੁਸ਼ੀਆਂ ਨਾਲ-ਚੜ੍ਹਦੀ ਕਲਾ ਨਾਲ। ਮੈਂ ਜੋ ਵੀ ਤਿਲ-ਫੁਲ ਲਿਖਿਆ ਹੈ, ਇਸ ਨੂੰ ਸਵੀਕਾਰ ਕਰੋ। ਜੇਕਰ ਤੁਹਾਨੂੰ ਕੋਈ ਕਮੀਆਂ-ਪੇਸ਼ੀਆਂ ਦਿਖਾਈ ਦੇਣ ਤਾਂ ਮੇਰੇ ਨਾਲ ਜਰੂਰ ਸਾਂਝੀਆਂ ਕਰੋ। ਮੈਂ ਕੋਸ਼ਿਸ਼ ਕਰਾਂਗਾ ਕਿ ਅੱਗੇ ਨੂੰ ਤੁਹਾਡੇ ਸੁਝਾਵਾਂ ਤੇ ਹੋਰ ਖਰਾ ਉਤਰ ਸਕਾਂ। ਤੁਹਾਡਾ ਸਾਰਿਆਂ ਦਾ ਬਹੁਤ-ਬਹੁਤ ਧੰਨਵਾਦ।

ਤੁਹਾਡਾ


**ਧਰਮਿੰਦਰ ਸਿੰਘ ਉੱਭਾ**

ਪ੍ਰਿੰਸੀਪਲ, ਖਾਲਸਾ ਕਾਲਜ, ਪਟਿਆਲਾ

98557-11380

savidharm@gmail.com

## ਤਤਕਰਾ

ਅੰਦਰ ਦੀ ਜੋਤ 1-101

ਸ਼ਿਕਵੇ, ਰੰਜ ਤੇ ਰੋਸੇ, ਛੱਡ ਕੇ ਤੂੰ,
ਕਰ ਮੁਹੱਬਤ, ਜੇਕਰ ਕਰ ਸਕਦਾ ਹੈਂ।

ਨਫ਼ਰਤ ਪਹਿਲਾਂ ਏਥੇ ਵਾਧੂ ਹੋ ਚੱਲੀ,
ਭਰ ਮੁਹੱਬਤ, ਜੇਕਰ ਭਰ ਸਕਦਾ ਹੈਂ।

ਤਪਦੀ ਪਈ ਆ ਹਿੱਕੜੀ ਧਰਤੀ ਦੀ,
ਵਰ੍ਹ ਮੁਹੱਬਤ, ਜੇਕਰ ਵਰ੍ਹ ਸਕਦਾ ਹੈਂ।

ਕੱਚਾ ਵੇਖਕੇ ਕਾਹਤੋਂ ਡਰ ਬੈਠਾ ਹੈਂ,
ਤਰ ਮੁਹੱਬਤ, ਜੇਕਰ ਤਰ ਸਕਦਾ ਹੈਂ।

ਜਿਗਰਾ ਰੱਖਣਾ ਪੈਣਾ ਵਾਂਗ ਪਹਾੜਾਂ ਦੇ,
ਜਰ ਮੁਹੱਬਤ, ਜੇਕਰ ਜਰ ਸਕਦਾ ਹੈਂ।

ਹਾਰ ਕੇ ਜਿੱਤਣਾ ਹੁੰਦਾ ਨਾਮ ਮੁਹੱਬਤ ਦਾ,
ਹਰ ਮੁਹੱਬਤ, ਜੇਕਰ ਹਰ ਸਕਦਾ ਹੈਂ।

ਕਿੱਥੇ ਕਿੱਥੇ ਫਿਰਦਾ ਤੈਨੂੰ ਭਾਲ ਰਿਹਾ।
ਮੈਂ ਮੂਰਖ, ਤੂੰ ਹਰ ਪਲ ਮੇਰੇ ਨਾਲ ਰਿਹਾ।

ਹੀਰੇ ਵਰਗਾ ਜਨਮ ਜੋ ਤੈਨੂੰ ਮਿਲਿਆ ਸੀ,
ਕੌਡੀ ਵਾਂਗੂੰ ਇਸ ਨੂੰ ਕਾਹਤੋਂ ਗਾਲ ਰਿਹਾ।

ਮਨ ਦੇ ਅੰਦਰ ਕੂੜ ਹਨੇਰਾ ਭਰਿਆ ਹੈ,
ਕਹਿਣ ਨੂੰ ਭਾਵੇਂ ਬਾਹਰੀ ਦੀਵੇ ਬਾਲ ਰਿਹਾ।

ਸੁਰ-ਸੰਗੀਤ ਦੇ ਮਾਅਨੇ ਹੋਰ ਹੀ ਹੋਗੇ ਨੇ,
ਨਾ ਕਿਧਰੇ ਕੋਈ ਸੁਰ ਤੇ ਨਾ ਕੋਈ ਤਾਲ ਰਿਹਾ।

ਧਰਮ ਜਾਤ ‘ਤੇ ਨਫ਼ਰਤ ਚਾਰੇ ਪਾਸੇ ਹੈ,
ਦੇਸ਼ ਮੇਰੇ ਦਾ ਹੋ ਕੀ ਇਹ ਹਾਲ ਰਿਹਾ।

ਚੰਗੀ ਭਾਸ਼ਾ ਘੱਟ ਵੱਧ ਏਥੇ ਦਿਖਦੀ ਹੈ,
ਫੇਸਬੁੱਕ ਤੇ ਹਰ ਕੋਈ ਕੱਢ ਹੁਣ ਗਾਲ ਰਿਹਾ।

ਨਾ ਡਰ ਤੱਕਕੇ, ਹੋਈ ਰਾਤ ਨੂੰ।
ਠੀਕ ਹੋਜੂ, ਸਭ ਕੁਝ ਪ੍ਰਭਾਤ ਨੂੰ।

ਕੀ ਕਿਹਾ ? ਕਾਹਨੂੰ ਗਲ ਪੈ ਰਿਹੈਂ ?
ਐਵੇਂ ਨਾ ਬਣਾ, ਬਤੰਗੜ ਬਾਤ ਨੂੰ।

ਦਿਲ ਵੱਖ ਤੇ ਸੋਚ ਪੂਰੀ ਵੱਖਰੀ,
ਕੀ ਕਰਾਂਗੇ ਮਿਲੀ ਹੋਈ ਜਾਤ ਨੂੰ ?

ਧਰਤੀ ਤੇ ਰੀਂਗਦੇ ਕੀਟ ਹਾਂ ਅਸੀਂ,
ਹੋਰ ਦੱਸ ਕੀ ਪਰਖਣਾਂ ਔਕਾਤ ਨੂੰ ?

ਧਰਤ ਤਰਸਦੀ ਹੈ ਤੇਰੇ ਮੇਲ ਨੂੰ,
ਤੋੜ ਔੜ, ਪਈ ਤਰਸਾਂ ਬਰਸਾਤ ਨੂੰ।

ਜਨਮ ਮਨੁੱਖਾ ਹੈ ਉਸਦੀ ਰਹਿਮਤ,
ਨਾ ਰੋਲ ਏਨੀ ਵੱਡੀ ਉਸਦੀ ਦਾਤ ਨੂੰ।

ਖੇਡ ਓਸਦੀ, ਖੇਡੀ ਜਾਵੇ।
ਭੇਤ ਓਸਦਾ, ਕੋਈ ਨਾ ਪਾਵੇ।

ਖੁਸ਼ੀਆਂ ਖੇੜੇ ਸਦਾ ਨੀ ਰਹਿੰਦੇ,
ਮਿਲਣ ਬਰਾਬਰ ਹੰਝ ਤੇ ਹਾਵੇ ।

ਜ਼ਿੰਦਗੀ ਦਾ ਦਸਤੂਰ ਇਹੀ ਹੈ,
ਕਦੇ ਹਸਾਵੇ, ਕਦੇ ਰੁਆਵੇ।

ਆਉਣਾ ਜਾਣਾ ਬਣਿਆ ਜੱਗ ਤੇ,
ਕੋਈ ਆਵੇ, ਕੋਈ ਤੁਰ ਜਾਵੇ ।

ਇੱਕ ਦਮ ਦਾ ਨਹੀਂ ਭਰੋਸਾ,
ਅਗਲਾ ਆਵੇ ਜਾਂ ਨਾ ਆਵੇ

ਕਾਹਦੇ ਅਹੁਦੇ, ਕਾਹਦੇ ਰੁਤਬੇ,
ਕਾਹਦਾ ਮਾਣ ਤੇ ਕਾਹਦੇ ਦਾਅਵੇ।

ਅੱਗ ਤਾਂ ਅੰਦਰ ਹੈ, ਉੱਠ, ਜਾਹ ਬਾਲ,
ਬਾਹਰ ਕੀ ਲੱਭਦੈਂ, ਅੰਦਰੋਂ ਹੀ ਭਾਲ।

ਦੀਵਾ ਹੈ ਅੰਦਰ, ਜੋਤ ਅੰਦਰ ਜਗਦੀ,
ਅੰਦਰ ਮੰਦਰ, ਅੰਦਰ ਹੀ ਮਿਲੂ ਢਾਲ।

ਪੂਜਾ ਅੰਦਰ, ਅੰਦਰ ਹੀ ਕਰ ਪੂਜਾ,
ਅੰਦਰ ਜਾਹ, ਲੈ ਕੇ ਲੱਡੂਆਂ ਦਾ ਥਾਲ।

ਅੰਦਰ ਦੀ ਮਸ਼ਾਲ, ਸਦਾ ਹੀ ਬਾਲ,
ਬਾਹਰੋਂ ਕੁਝ ਨਾ, ਅੰਦਰੋਂ ਸਭ ਕੁਝ ਭਾਲ।

ਸੁੱਖ, ਸਹਿਜ ਤੇ ਸਕੂਨ, ਮਿਲਣ ਅੰਦਰੋਂ,
ਬਾਹਰ ਜੋ ਦਿਸਦੈ, ਉਹ ਨਿਰਾ ਜੰਜ਼ਾਲ।

ਅੰਦਰ ਵਸਦਾ ਉਹ ਕਲੰਦਰ, ਜਰਾ ਦੇਖ,
ਅੰਦਰ ਖਜ਼ਾਨੇ, ਜੋ ਕਰ ਦੇਣਗੇ ਮਾਲੋ-ਮਾਲ।

ਭੌਂਕਣ ਵਾਲੇ ਰਸਤਾ ਮੱਲਦੇ ਰਹਿੰਦੇ ਨੇ,
ਹਾਥੀ ਆਪਣੀ ਚਾਲੇ ਚੱਲਦੇ ਰਹਿੰਦੇ ਨੇ।

ਮਾਰ ਮੇਹਨਤਾ ਛੁਹੀਆਂ ਮੰਜ਼ਿਲਾਂ ਨੇ,
ਕਈ ਵਿਚਾਰੇ ਕੇਵਲ ਜਲਦੇ ਰਹਿੰਦੇ ਨੇ।

ਤਰਸ ਕਰੀ ਦਾ ਹਰ ਪਲ ਰੋਂਦੀਆਂ ਰੂਹਾਂ ਤੇ,
ਨਫ਼ਰਤ ਅੰਦਰ ਜਿਹੜੇ ਬਲਦੇ ਰਹਿੰਦੇ ਨੇ।

ਸੱਚ ਦੇ ਰਾਹ ਤੇ, ਜਿਹੜੇ ਹਿੱਕ ਠਾਣ ਕੇ ਤੁਰਦੇ ਨੇ,
ਜੀਵਨ ਅੰਦਰ ਉਹ ਸਦਾ ਹੀ ਫਲਦੇ ਰਹਿੰਦੇ ਨੇ।

ਸੱਚ ਦਾ ਸੂਰਜ ਹਰ ਪਲ ਚੜ੍ਹਿਆ ਰਹਿੰਦਾ ਹੈ,
ਕੂੜ ਵਪਾਰੀ ਹਰ ਪਲ ਢਲਦੇ ਰਹਿੰਦੇ ਨੇ।

ਹਰ ਪਲ ਜਿਹੜੇ ਬੁਰਾ ਲੋਚਦੇ ਦੂਜਿਆਂ ਦਾ,
ਅੰਦਰੋ ਅੰਦਰੀ ਲੋਕ ਅਜਿਹੇ ਗਲਦੇ ਰਹਿੰਦੇ ਨੇ।

ਤੁਰਿਆ ਚੱਲ, ਚੱਲਦਾ ਰਹਿ, ਸੱਚ ਦੇ ਰਾਹ।
ਆਪੇ ਪੈ ਜਾਊ, ਇੱਕ ਦਿਨ, ਉਸਦੀ ਥਾਹ।

ਪੁੱਛ ਆਪਣੇ ਅੰਦਰ ਬੈਠੇ ਜੱਜ ਨੂੰ ਜੋ ਪੁੱਛਣਾ,
ਹੋਰ ਐਰ ਗੈਰ ਦੀ, ਨਾ ਕਰ, ਭੋਰਾ ਪਰਵਾਹ ।

ਚਿਹਰੇ ਪੜ੍ਹਣ ਦਾ ਵੱਲ ਨਾ ਅਸੀਂ ਸਿੱਖ ਸਕੇ,
ਕਦ ਆਕੇ ਲੁੱਟ ਜਾਵੇ ਜਾਪਦਾ ਜੋ ਖ਼ੈਰ-ਖ਼ੁਆਹ ।

ਹੱਸ ਲੈ-ਖੇਡ ਲੈ, ਰੱਜ ਰੱਜ ਮਾਣ ਉਸਦੀ ਦਾਤ ਨੂੰ,
ਖ਼ੂਬਸੂਰਤ ਯਾਤਰਾ ਹੈ, ਜੀਵਨ ਇਹ ਸੈਰ-ਗਾਹ।

ਰਿਸ਼ਤਿਆਂ ਦੀ ਅਹਿਮੀਅਤ ਨਾ ਹਰ ਕੋਈ ਜਾਣਦਾ,
ਸਿਖਰ ਹੈ ਉਹ ਪਿਆਰ ਦਾ ਜਦ ਇੱਕ ਹੋਜੇ ਸਾਹ ।

ਲਿੱਪੀਆਂ ਤੇ ਪੋਚੀਆਂ, ਗੱਲਾਂ ਮਿੱਠੀਆਂ ਜੋ ਮਾਰਦੇ,
ਠੱਗ-ਮੀਸਣੇ, ਦੱਸੂ ਉਹੀ, ਪੈ ਜਾਂਦਾ ਹੈ ਜਿਸਦਾ ਵਾਹ।

ਉੱਚੇ ਪਰਬਤ, ਰੁੱਖ ਮੌਲਦੇ, ਬੱਦਲ ਛਾਏ ਨੇ।
ਵਾਹ! ਕੁਦਰਤ ਕਿੰਨੇ ਰੰਗ ਭਾਗ ਲਾਏ ਨੇ ।

ਚਾਅ ਚੜ੍ਹ ਜਾਂਦਾ ਜਦ ਵੀ ਉਹ ਆਖਦਾ ਹੈ,
ਆ ਮਿਲ! ਲੈ ਆਗੋਸ਼ ਵਿੱਚ, ਹੋਠ ਤਿਹਾਏ ਨੇ।

ਭੱਜੀ ਫਿਰਦੀ ਉਹ ਘਰ ਵਿੱਚ ਛਣ ਛਣ ਕਰਦੀ,
ਕਿਤੇ ਗੱਲ ਛੋਟੀ ਹੈ, ਪੇਕਿਆਂ ਤੋਂ ਵੀਰ ਆਏ ਨੇ।

ਸੱਚ-ਮੁੱਚ ਭਰਾਵਾਂ ਦਾ ਨਾ ਕੋਈ ਮੇਲ ਜੱਗ ਤੇ,
ਭਾਈ ਹੁੰਦੇ ਸਾਥ ਪੱਕਾ, ਮੇਰੀ ਮਾਂ ਦੇ ਜੋ ਜਾਏ ਨੇ।

ਇਹ ਠੀਕ ਹੈ ਕਿ ਮੇਹਨਤ ਦਾ ਨਾ ਕੋਈ ਤੋੜ ਹੁੰਦਾ,
ਪਰ ਇਹ ਮੁਕੱਦਰ ਉਸਦੀ ਰਹਿਮਤ ਨਾਲ ਪਾਏ ਨੇ।

ਘਰ ਸੁਹਬਦੇ ਨੇ ਜਿੱਥੇ ਰੱਜ-ਰੱਜ ਪਿਆਰ ਵਰਸੇ,
ਇੱਕ ਦੂਜੇ ਲਈ ਜਾਨ ਦਿੰਦੇ ਸਾਰੇ ਚਾਚੇ ਤਾਏ ਨੇ।

ਆਸ਼ਾਵਾਦੀ ਬਣ ਕੇ ਰਹਿਣਾ।
ਨਾ ਹਾਰਨਾ, ਨਾ ਹੈ ਢਹਿਣਾ।

ਹਰ ਮੰਜ਼ਿਲ ਨੂੰ ਸਰ ਹੈ ਕਰਨਾ,
ਮੇਹਨਤ ਸਾਡਾ ਸੱਚਾ ਗਹਿਣਾ।

ਨਾ ਕਿਸੇ ਨੂੰ ਡਰ ਭੈਅ ਦਿੰਦੇ,
ਨਾ ਕਿਸੇ ਤੋਂ ਡਰ ਭੈਅ ਸਹਿਣਾ।

ਆਪਣੇ ਰਸਤੇ ਆਪ ਸਿਰਜਣੇ,
ਦਰਿਆ ਵਾਂਗ ਹੈ ਵਗਦੇ ਰਹਿਣਾ।

ਜੋ ਤੂੰ ਕਰਨਾ, ਕਰ ਲੈ ਜ਼ਿੰਦਗੀ,
ਨਾਲ ਤੇਰੇ ਹੈ ਰਹਿੰਦੇ ਖਹਿਣਾ।

ਚੁਗਲਖੋਰ ਨਾ ਕਿਸੇ ਦੇ ਹੁੰਦੇ,
ਗੰਧਲਾ ਕਰਦੇ ਜਿਸ ਥਾਂ ਬਹਿਣਾ।

ਗੱਲ ਉਸ ਦੇ ਲਿਖੇ ਸੰਯੋਗਾਂ ਦੀ, ਤੇ ਮੇਲ ਵੀ ਆਪ ਕਰਾ ਦੇਵੇ।
ਬੰਨ੍ਹ ਰਿਸ਼ਤੇ ਦੇ ਬੰਧਨ ਵਿੱਚ, ਘਰ ਪਿਆਰ ਨਾਲ ਰੁਸ਼ਨਾ ਦੇਵੇ।

ਇਹ ਰਿਸ਼ਤਾ ਗੱਡੀ ਪਹੀਏ ਦਾ, ਜੋ ਨਾਲ ਦੋਵਾਂ ਦੇ ਚੱਲਦਾ ਹੈ,
ਜੇ ਬਰੋ-ਬਰਾਬਰ ਚੱਲਦਾ ਹੈ, ਘਰ ਖ਼ੁਸ਼ੀ ਨਾਲ ਮਹਿਕਾ ਦੇਵੇ।

ਕੁਝ ਛੱਡਣਾ ਪੈਂਦਾ ਦੋਵਾਂ ਨੂੰ, ਤੇ ਕੁਝ ਮੰਨਣੀ ਪੈਂਦੀ ਦੂਜੇ ਦੀ,
ਫਿਰ ਦਿੱਕਤ ਨਾ ਕੋਈ ਆਉਂਦੀ ਹੈ, ਜੋ ਮੰਤਰ ਇਹ ਲਾ ਦੇਵੇ।

ਉਹ ਖ਼ੂਬ ਤਰੱਕੀ ਕਰਦੇ ਨੇ, ਜੋ ਰਲ-ਮਿਲ ਕਾਰਜ ਕਰਦੇ ਨੇ,
ਹਰ ਦੁੱਖ-ਸੁੱਖ ਕੱਠੇ ਜਰਦਿਆਂ ਨੂੰ, ਕਦੇ ਆਉਣ ਨਾ ਤੱਤੀ ਵਾ ਦੇਵੇ।

ਇਹ ਘਾਟਾ ਵਾਧਾ ਚੀਜ਼ਾਂ ਦਾ, ਫਿਰ ਮਾਅਨੇ ਨਾ ਕੋਈ ਰੱਖਦਾ ਹੈ,
ਜਿੱਥੇ ਵਰਖਾ ਹੋਵੇ ਪਿਆਰਾਂ ਦੀ, ਜੋ ਗੀਤ ਪਿਆਰ ਦੇ ਗਾ ਦੇਵੇ ।

ਕੁਝ ਦੇਖ ਕੇ ਅਣਡਿੱਠ ਕਰਨਾ ਹੈ, ਕੁਝ ਸੁਣਕੇ ਨਾਂਹੀ ਸੁਣਨਾ ਹੈ,
ਛੱਡ ਝਗੜੇ ਰੋਸੇ ਸ਼ਿਕਵਿਆਂ ਨੂੰ, ਬੱਸ ਜਲਦੀ ਮਿੱਟੀ ਪਾ ਦੇਵੇ।

ਕੁਝ ਕਰਨ ਦੀ ਜੇਕਰ ਅੰਦਰ ਅੱਗ ਹੋਵੇ।
ਯਕੀਨਨ ਉਸ ਦੇ ਪਿੱਛੇ ਸਾਰਾ ਜੱਗ ਹੋਵੇ।

ਭੇਡਾਂ ਦਾ ਅਕਸਰ ਇਹ ਹੀ ਸੁਭਾਅ ਹੁੰਦਾ,
ਜਿੱਧਰ ਇੱਕ ਜਾਵੇ, ਪਿੱਛੇ ਸਾਰਾ ਵੱਗ ਹੋਵੇ।

ਸਾਡੇ ਗੁਰੂ ਨੇ ਦਿੱਤੀ ਸਾਨੂੰ ਪਹਿਚਾਣ ਵੱਖਰੀ,
ਲੱਖਾਂ ਵਿੱਚ ਵੀ ਚਮਕੇ, ਜੇਕਰ ਇੱਕ ਪੱਗ ਹੋਵੇ।

ਗੁਰੂ ਦੀ ਮੇਹਰ ਹੋਵੇ ਤਾਂ ਤਰ ਜਾਂਦਾ ਪਾਰ ਜੱਗ ਤੋਂ,
ਚਾਹੇ ਹੋਵੇ ਮਲਕ ਭਾਗੋ ਤੇ ਚਾਹੇ ਸੱਜਣ ਠੱਗ ਹੋਵੇ।

ਚੰਦਰਾ ਗੁਆਂਢ ਸਾਰੀ ਉਮਰ ਹੈ ਤੰਗ ਕਰਦੈ,
ਕਦੇ ਕਿਸੇ ਔਰਤ ਦਾ ਪਤੀ ਨਾ ਲਾਈ ਲੱਗ ਹੋਵੇ।

ਭੈਣ-ਭਾਈਆਂ ਦੇ ਨਾਲ ਹੀ ਬੰਦੇ ਦਾ ਮੁੱਲ ਪੈਂਦਾ,
ਕੋਈ ਪੁੱਛਦਾ ਨੀ ਜੇਕਰ ਉਹ ਅਲੱਗ ਥਲੱਗ ਹੋਵੇ।

ਦ੍ਰਿਸ਼ਟੀਹੀਣ ਤੇ ਮਾੜੀ ਸੋਚ!
ਇਹਨਾਂ ਪਾਸੋਂ ਕੁਝ ਨਾ ਲੋਚ!

ਸੋਚ-ਸੰਭਲ ਕੇ ਅੱਗੇ ਵਧ,
ਕਦਮ ਟਿਕਾਅ ਤੂੰ ਬੋਚ ਬੋਚ।

ਝੂਠ ਵਪਾਰੀ ਵਧ ਗਏ ਏਥੇ,
ਲੱਗਦਾ ਸੱਚ ਨੂੰ ਲਿਆ ਦਬੋਚ।

ਸੱਚ ਦੇ ਰਾਹ ਨੂੰ ਛੱਡਣਾ ਨਾਂਹੀਂ,
ਕੀ ਹੋਇਆ ਜੇ ਪਈ ਖਰੋਚ।

ਲੋਕਤੰਤਰ ਹੈ ਲੰਗੜਾ ਹੋਇਆ,
ਪੈਰੀਂ ਉਸ ਦੇ ਪੈ ਗਈ ਮੋਚ।

ਤਰਕ ਦਲੀਲ ਨਾ ਏਥੇ ਹੈ,
ਚਾਰੇ ਪਾਸੇ ਗਾਲ-ਗਲੋਚ।

ਰੱਖ ਭਰੋਸਾ ਸਾਂਈ ਤੇ, ਕਰਦਾ ਜਾਹ ਤੂੰ ਸੱਚੀ ਕਾਰ।
ਰੱਖਣ ਵਾਲਾ ਨਾਲ ਜੇ, ਤਾਂ ਕੋਈ ਨਾ ਸਕਦਾ ਮਾਰ।

ਉੱਚੀ ਰੱਖ ਕੇ ਸੋਚ ਨੂੰ, ਚੱਲਦਾ ਰਹਿ ਤੂੰ ਮੰਜ਼ਿਲ ਵੱਲ,
ਮਨ ਦੇ ਅੰਦਰ ਜਿੱਤ ਵਸੀ ਹੈ, ਤੇ ਮਨ ਦੇ ਹਾਰੇ ਹਾਰ।

ਰੱਖ ਹਥੇਲੀ ਜਾਨ ਨੂੰ, ਤੁਰਦਾ ਜਿਹੜਾ ਨਾਲ ਹੌਸਲੇ,
ਬਾਬਾ ਨਾਨਕ ਆਪੇ ਲਾਉਂਦਾ, ਬੇੜੇ ਓਸ ਦੇ ਪਾਰ ।

ਸੱਚੀ ਸੁੱਚੀ ਨੀਅਤ ਨਾਲ, ਚੱਲ ਨੇਕੀ ਵਾਲੇ ਰਾਹ ਤੇ,
ਤਾਰਨਹਾਰ ਸਭ ਦੇਖਦਾ, ਉਹ ਆਪ ਹੀ ਦੇਊ ਤਾਰ ।

ਆਪਣੀ ਰਾਹ ਤਲਾਸ਼ ਕੇ, ਪਾਉਣ ਜੋ ਪੈੜਾਂ ਨਵੀਆਂ,
ਵੱਖਰੀ ਛਾਪ ਨੇ ਛੱਡਦੇ, ਨਾ ਭੀੜ 'ਚ ਹੋਣ ਸ਼ੁਮਾਰ ।

ਨਫ਼ਰਤ ਸਾੜਾ ਈਰਖਾ, ਮਤ ਕਰੀਂ ਕਿਸੇ ਦੇ ਨਾਲ,
ਜੀਵਨ ਦੇ ਵਿੱਚ ਮਿਥ ਲੈ, ਰਹਿਣਾ ਨਾਲ ਪਿਆਰ।

ਬਦਲ ਛੱਡ, ਜੇਕਰ ਬਦਲ ਸਕਦੈਂ, ਨਹੀਂ ਤਾਂ ਸਵੀਕਾਰ ਕਰ ਲੈ।
ਸੌਖਾ ਰਹਿ, ਛੱਡ ਤਨਾਵ ਵਾਧੂ, ਮੰਤਰ ਇਹ ਅਖਤਿਆਰ ਕਰ ਲੈ।

ਜੀਵਨ ਜਿਉਣ ਦਾ ਵੱਲ ਸਿੱਖ, ਹਰ ਦਿਨ ਨੂੰ ਤਿਉਹਾਰ ਕਰ ਲੈ।
ਮਨ ਦਾ ਬੋਝ ਹਟਾ, ਹਲਕਾ ਹੋ, ਹਰ ਪਲ ਨੂੰ ਸਵੀਕਾਰ ਕਰ ਲੈ।

ਹਰ ਸਵੇਰ ਨੂੰ ਨਵੀਂ ਉਮੀਦ ਬਣਾ, ਰਾਤ ਨੂੰ ਵੀ ਪਿਆਰ ਕਰ ਲੈ।
ਬੇਫਿਕਰ ਰਹਿ ਕੇ ਜਿਉਂ ਹਰ ਪਲ, ਹਰ ਪਲ ਨੂੰ ਬਹਾਰ ਕਰ ਲੈ।

ਦੁਨੀਆ ਨੂੰ ਛੱਡ, ਆਪਣਾ ਰਾਹ ਪਿਆਰ ਨਾਲ ਤਿਆਰ ਕਰ ਲੈ।
ਦਿਲ ਦੀ ਜ਼ੁਬਾਨ ਕਰ ਸਾਂਝੀ, ਹਰ ਦਿਲ ਨੂੰ ਅਪਣਾ ਯਾਰ ਕਰ ਲੈ।

ਕਰ ਮਾਫ ਤੇ ਭੁੱਲ ਕੇ ਸਭ ਰੋਸਿਆਂ ਨੂੰ, ਦਿਲ ਨੂੰ ਖੁਸ਼ਗਵਾਰ ਕਰ ਲੈ।
ਰਹਿ ਖੁਸ਼, ਛੱਡ ਮੇਰ-ਤੇਰ ਸਾਰੀ, ਹਰ ਰਿਸ਼ਤੇ ਨੂੰ ਪਿਆਰ ਕਰ ਲੈ।

ਮੁਸ਼ਕਿਲਾਂ ਨੂੰ ਹੱਸ ਕੇ ਕਰ ਸਵੀਕਾਰ, ਹਰ ਗਮ ਨੂੰ ਤੂੰ ਪਾਰ ਕਰ ਲੈ।
ਬਦਲ ਛੱਡ, ਜੇਕਰ ਬਦਲ ਸਕਦੈਂ, ਨਹੀਂ ਤਾਂ ਸਵੀਕਾਰ ਕਰ ਲੈ।

ਕਿੰਨੇ ਓਪਰੇ ਹੋ ਗਏ ਉਹ ?
ਹੈਂ ? ਏਨੇ ਪਰ੍ਹੇ ਹੋ ਗਏ ਉਹ ?

ਸਾਨੂੰ ਆਖ ਕੇ ਖੋਟੇ ਚਲੇ ਗਏ,
ਕੀ ਸੱਚੀਓਂ ਖਰੇ ਹੋ ਗਏ ਉਹ ?

ਏਨੀ ਦੱਸ ਕਾਹਲ ਸੀ ਕਾਹਦੀ,
ਕਿਉਂ ਏਨੇ ਬੇਸਬਰੇ ਹੋ ਗਏ ਉਹ ?

ਸਭ ਪਤਾ, ਉਹ ਸਭ ਜਾਣਦੇ ਨੇ,
ਬੱਸ ਐਵੇਂ ਖਚਰੇ ਹੋ ਗਏ ਉਹ।

ਭੁੱਲ ਭੁਲਾਕੇ, ਸਭ ਛੱਡ ਛਡਾਕੇ,
ਹੁਣ ਬੱਸ ਬੇਕਦਰੇ ਹੋ ਗਏ ਉਹ।

ਦਰ ਬਦਲਣਾ ਸੀ ਆਦਤ ਉਸਦੀ,
ਬਦਲਦੇ, ਖ਼ੁਦ ਬੇਦਰੇ ਹੋ ਗਏ ਉਹ।

ਉਸ ਕਿਹਾ, ਹੁਣ ਦੱਸ ? ਲੈ ਤੂਫਾਨ ਆ ਗਿਆ ! ਕੀ ਕਰੇਂਗਾ ?!
ਮੈਂ ਕਿਹਾ, ਉਕਾਬ ਹਾਂ ! ਉੱਚਾ ਜਾਵਾਂਗਾ ! ਹੋਰ ਉੱਚਾ ਜਾਵਾਂਗਾ।

ਉਸ ਕਿਹਾ, ਮੁਸ਼ਕਿਲਾਂ ਦਾ ਸਮੁੰਦਰ ਹੈ, ਕਿਵੇਂ ਪਾਰ ਲੰਘੇਗਾ ?
ਮੈਂ ਕਿਹਾ, ਹੌਸਲਾ ਬਹੁਤ ਵੱਡਾ ਹੈ, ਹੌਸਲੇ ਨਾਲ ਲੰਘ ਜਾਵਾਂਗਾ !

ਉਸ ਕਿਹਾ, ਰਾਤ ਹੈ ਬਹੁਤ ਕਾਲੀ, ਕਿੱਥੋਂ ਰੌਸ਼ਨੀ ਲੈ ਆਵੇਂਗਾ ?
ਮੈਂ ਕਿਹਾ, ਚਾਨਣ ਅੰਦਰੋਂ ਹੈ, ਕਾਲੀ ਰਾਤ ਨੂੰ ਮਿਟਾਵਾਂਗਾ।

ਉਸ ਕਿਹਾ, ਹਵਾ ਬਹੁਤ ਉਲਟ ਹੈ, ਸੋਚ ਲੈ, ਟਿਕ ਨਹੀਂ ਪਾਵੇਂਗਾ।
ਮੈਂ ਕਿਹਾ, ਪਰ ਬਹੁਤ ਵੱਡੇ ਨੇ, ਹਵਾ ਦੇ ਰੁੱਖ ਨੂੰ ਵੀ ਮੋੜ ਲਵਾਂਗਾ !

ਉਸ ਕਿਹਾ, ਲੋਕ ਕਹਿੰਦੇ ਹਨ, ਤੈਨੂੰ ਕੁਝ ਸਮਝ ਨਹੀਂ ਆਵੇਗਾ।
ਮੈਂ ਕਿਹਾ, ਮੈਂ ਆਪਣੇ ਯਕੀਨ ਨਾਲ, ਸੱਚ ਦਾ ਰਾਹ ਪਾ ਜਾਵਾਂਗਾ !

ਉਸ ਕਿਹਾ, ਇਹ ਰਾਹ ਬਹੁਤ ਕਠਨ ਹੈ, ਕਦ ਤਕ ਚੱਲ ਪਾਵੇਂਗਾ ?
ਮੈਂ ਕਿਹਾ, ਮੇਰੇ ਇਰਾਦੇ ਮਜ਼ਬੂਤ ਨੇ, ਹਰ ਕਦਮ ਉੱਚਾ ਜਾਵਾਂਗਾ !

ਨੇਕੀ ਕਰ, ਖੂਹ ਵਿੱਚ ਪਾ।
ਯਾਦ ਨਾ ਰੱਖ, ਵਿੱਸਰ ਜਾ।

ਤੇਥੋਂ ਹੁਣ ਮੈਂ ਕੀ ਹੈ ਲੈਣਾ,
ਜਿੱਥੇ ਜਾਣਾ ਹੁਣ ਤੂੰ ਜਾਹ।

ਲੱਗਿਆ ਰਹਿ, ਚੱਲਦਾ ਜਾਹ,
ਆਪੇ ਪੈ ਜਾਊ, ਉਸਦੀ ਥਾਹ।

ਉਹੀ ਮੰਜ਼ਿਲਾਂ ਵੱਡੀਆਂ ਪਾਉਂਦੇ,
ਜਿਹੜੇ ਚੁਣਦੇ ਵੱਖਰੇ ਰਾਹ।

ਉਸਦੀ ਕਿਰਪਾ, ਉਸਦੀ ਰਹਿਮਤ,
ਆਉਂਦਾ ਹੈ ਜੇ ਸੁੱਖ ਦਾ ਸਾਹ।

ਨਾ, ਨਹੀਂ ਕੋਈ ਮਾਣ ਹੈ ਇਸਦਾ,
ਇਸ ਦਮ ਦਾ ਹੈ ਨਹੀਂ ਵਿਸਾਹ।

ਕਰੋ ਮੁਹੱਬਤ, ਵੰਡੋ ਪਿਆਰ!
ਬਰਕਤ ਆਊ ਤੁਹਾਡੇ ਦੁਆਰ।

ਇੱਕ ਬਿੰਦ ਨਹੀਂ ਸਰਦਾ ਮੇਰਾ,
ਰੁੱਸ ਜਾਂਦੀ ਹੈ ਜਦ ਸਰਕਾਰ।

ਕਹਿਣ ਨੂੰ ਭਾਵੇਂ ਪਾਏ ਕੱਪੜੇ,
ਦਿਖਦਾ ਸਭ ਕੁਝ ਆਰ-ਪਾਰ।

ਅਤਿ ਕਮੀਨੇ ਬੰਦੇ ਨੇ ਉਹ,
ਠੱਗਦੇ ਨੇ ਜੋ ਬਣਕੇ ਯਾਰ।

ਮੂੰਹ ਤੇ ਬਣਦੇ ਮਿੱਠੇ ਨੇ ਜੋ,
ਪਿੱਠ ਪਿੱਛੇ ਨੇ ਕਰਦੇ ਵਾਰ।

ਤੇਰਾ ਤੇਰਾ ਸਭ ਕੁਝ ਹੈ ਜਦ,
ਕਾਹਦੀ ਜਿੱਤ ਤੇ ਕਾਹਦੀ ਹਾਰ।

ਹਰ ਪਲ ਸ਼ਿਕਵੇ, ਸਦਾ ਹੀ ਰੁੱਸਿਆਂ ਰਹਿੰਦਾ ਹੈਂ।
ਕਦੇ ਤਾਂ ਹੱਸ ਕੇ ਬੋਲ, ਹਰ ਗੱਲ ਰੋ ਕੇ ਕਹਿੰਦਾ ਹੈਂ।

ਮੱਥੇ ਉੱਤੇ ਪਈਆਂ ਘੁੱਟੀਆਂ, ਮੂੰਹ ਹੈ ਤੇਰਾ ਰੋਂਦੜ ਜਾ,
ਹੱਟਾ-ਕੱਟਾ, ਸਭ ਕੁਝ ਪੱਲੇ, ਕਾਹਤੋਂ ਰੋਂਦਾ ਰਹਿੰਦਾ ਹੈਂ।

ਗੱਲ-ਗੱਲ ਤੇ ਮੰਦਾ ਬੋਲੇਂ, ਹਰ ਇੱਕ ਨਾਲ ਕਲੇਸ਼,
ਤਾਂਹੀਂ ਲੋਕੀਂ ਪਾਸਾ ਵੱਟਦੇ, ਜਿੱਥੇ ਉੱਠਦਾ ਬਹਿੰਦਾ ਹੈਂ।

ਨੀਅਤ ਨਾਲ ਮੁਰਾਦਾਂ ਹੋਵਣ, ਸੋਚ ਦੇ ਨਾਲ ਨੇ ਭਾਗ,
ਹੁੰਦੇ ਸੁੰਦੇ ਸਭ ਕੁਝ ਕੋਲੇ, ਹਰ ਪਲ ਦੁਖੜੇ ਸਹਿੰਦਾ ਹੈਂ।

ਬਣ ਉਪਦੇਸ਼ਕ, ਲੋਕਾਂ ਅੱਗੇ, ਗੱਲਾਂ ਮਾਰੇਂ ਬੇਥਵੀਆਂ,
ਚੱਜ ਦਾ ਕਦੇ ਨਾ ਬੋਲੇਂ ਬੋਲ, ਹਰ ਪਲ ਕੱਚੇ ਲਹਿੰਦਾ ਹੈਂ।

ਇੱਲ੍ਹ-ਕੁੱਕੜ ਨਾ ਆਵੇ ਤੈਨੂੰ, ਰਾਹ ਦਸੇਰਾ ਬਣਿਆਂ ਹੈਂ,
ਰਾਹਾਂ ਤੋਂ ਕੁਰਾਹਾਂ ਬਣੀਆਂ, ਜਿੱਥੇ ਜਾਹ ਤੂੰ ਬਹਿੰਦਾ ਹੈਂ।

ਕਿਹੜੇ ਅਹੁਦੇ, ਕਿਹੜੇ ਰੁਤਬੇ, ਭਰਮ-ਭੁਲੇਖੇ ਲੈਂਦੇ ਮਾਰ।
ਰਹਿਮਤ ਜੇਕਰ ਹੋਵੇ ਉਸਦੀ, ਹੋਰ ਕੀ ਲੋਚੇਂ ਮੇਰੇ ਯਾਰ ।

ਰੱਬ ਦੀ ਰਹਿਮਤ ਜੇਕਰ ਹੋਵੇ, ਇਸ ਤੋਂ ਉੱਪਰ ਕੀ ਲੋੜੀਂਦਾ,
ਉਸਦੀ ਕਿਰਪਾ ਜੇ ਮਿਲ ਜਾਵੇ, ਘਰ ਆ ਵਸਦਾ ਕਰਤਾਰ।

ਪਿਆਰ ਤੇ ਸੱਚ ਦੀਆਂ ਰਾਹਾਂ ਤੇ, ਸਫਰ ਹਮੇਸ਼ਾ ਸੌਖਾ ਹੁੰਦਾ,
ਅਸਲ ਖੁਸ਼ੀ ਹੈ ਦਿਲ ਵਿੱਚ ਵਸਦੀ, ਵਿੱਚ ਰਹਿੰਦਾ ਦਿਲਦਾਰ।

ਸਬਰ ਸ਼ੁਕਰ ਨਾਲ ਜਿਹੜਾ ਲੰਘਦਾ, ਪਲ ਉਹ ਸੁਖਦਾਇਕ,
ਡੁੱਬ ਨੀ ਸਕਦੀ ਬੇੜੀ ਉਸਦੀ, ਜਿਸ ਨੂੰ ਰੱਖਦਾ ਤਾਰਨਹਾਰ।

ਖਾਲੀ ਹੱਥ ਸੀ ਆਇਆ ਏਥੇ, ਤੇ ਖਾਲੀ ਹੀ ਹੈ ਤੁਰ ਜਾਣਾ,
ਜੋ ਕੁਝ ਪਾਇਆ ਏਥੇ ਪਾਇਆ, ਏਥੇ ਹੀ ਰਹਿ ਜਾਣਾ ਯਾਰ।

ਚੁੱਪ ਤੋਂ ਵੱਡਾ ਕੋਈ ਨੀ ਸੁੱਖ, ਸੁੱਖ ਨਾਲ ਦੀ ਨਾ ਹੈ ਰਹਿਮਤ,
ਬਖਸ਼ ਲਈਂ ਸਭ ਭੁੱਲਾਂ ਕਮੀਆਂ, ਓ ਜੱਗ ਦੇ ਬਖਸ਼ਣਹਾਰ ।

ਜੋ ਨਿੱਤ ਗਿਰਾਉਣ ਦੀ ਯੋਜਨਾ ਬਣਾਉਂਦੇ ਨੇ!
ਜਾਣਦੇ ਨਹੀਂ ਸਾਡੇ ਖੰਭ ਉਚਾਈਆਂ ਭਾਉਂਦੇ ਨੇ।

ਪਰਵਾਹ ਨਾ ਕਰ, ਡਟਿਆ ਰਹਿ ਮੇਰੇ ਸ਼ੇਰ ਪੁੱਤਰਾ,
ਕੁਝ ਨਹੀਂ ਹੁੰਦਾ, ਲੋਕੀਂ ਡਰਦਿਆਂ ਨੂੰ ਡਰਾਂਉਦੇ ਨੇ।

ਜਿਨ੍ਹਾਂ ਨੇ ਹਥੇਲੀ ਤੇ ਰੱਖੀ ਹੋਈ ਹੈ ਜਾਨ ਆਪਣੀ,
ਉਹ ਝੁਕਦੇ ਨਹੀਂ, ਬਲਕਿ ਦੁਨੀਆਂ ਝੁਕਾਉਂਦੇ ਨੇ।

ਰੱਖ ਸੋਚ ਉੱਚੀ, ਰਹਿਣਾ ਚੜ੍ਹਦੀ ਕਲਾ ਦੇ ਵਿੱਚ,
ਸ਼ੇਰ ਦੱਸ ਖਾਂ ਕਦ ਗਿੱਦੜਾਂ ਤੋਂ ਘਬਰਾਉਂਦੇ ਨੇ।

ਇਹ ਖੋਖਲੇ ਨੇ ਬੰਦੇ, ਜਿਨ੍ਹਾਂ ਕਾਂਵਾਂ ਰੌਲੀ ਪਾਈ ਹੈ,
ਇਹ ਖਾਲੀ ਢੋਲ ਨੇ ਖੜਕਣ, ਜੋ ਸ਼ੋਰ ਪਾਉਂਦੇ ਨੇ।

ਤੂੰ ਯਾਦ ਰੱਖ, ਤੈਨੂੰ ਗੁੜ੍ਹਤੀ ਮਿਲੀ ਹੈ ਬਾਜਾਂ ਵਾਲੇ ਤੋਂ,
ਜਿਹੜੇ ਇੱਕ ਸਿੰਘ ਨੂੰ ਸਵਾ ਲੱਖ ਨਾਲ ਲੜਾਉਂਦੇ ਨੇ।

ਚਲ ਉੱਠ, ਹੋ ਖੜ੍ਹਾ, ਐਵੇਂ ਨਾ ਤੂੰ ਢੇਰੀ ਢਾਹ।
ਇੱਕ ਹੀ ਬੰਦ ਹੋਇਆ, ਹੋਰ ਬਥੇਰੇ ਨੇ ਰਾਹ।

ਉਹ ਅੰਤਿਮ ਮੰਜ਼ਿਲ ਨਹੀਂ, ਉਹ ਇੱਕ ਪੜਾਅ,
ਚੱਲਣਾ ਹੀ ਜ਼ਿੰਦਗੀ ਹੈ, ਬੱਸ ਚੱਲਦਾ ਹੀ ਜਾਹ।

ਮੇਰੇ ਸਾਰੇ ਹੀ ਮਿੱਤਰ ਨੇ ਬਹੁਤ ਕਮਾਲ ਦੇ,
ਜਦ ਗੱਲ ਕਰਦੇ ਬੱਸ ਦਿੰਦੇ ਨੇ ਨਿਰਾ ਉਤਸ਼ਾਹ।

ਨੱਕ ਦੀ ਸੇਧ ਰੱਖ, ਨਾ ਝਾਕ ਏਧਰ ਉੱਧਰ ਵੱਲ ਤੂੰ,
ਅਰਜਨ ਦੀ ਮੱਛੀ ਵਾਲੀ ਅੱਖ ਵਾਂਗ ਨਿਸ਼ਾਨਾ ਲਾ।

ਨਿਸ਼ਾਨੇ ਉੱਚੇ ਮਿਥ ਕੇ, ਇਰਾਦਿਆਂ ‘ਚ ਰੱਖ ਦ੍ਰਿੜਤਾ,
ਐਸਾ ਹੈ ਹੀ ਕੋਈ ਮੁਕਾਮ ਨਹੀਂ, ਨਹੀਂ ਸਕਦਾ ਜੋ ਪਾ।

ਮਿਹਨਤਾਂ ਦਾ ਤੋੜ ਨਹੀਂ, ਤੇ ਆਲਸ ਜਿਹਾ ਕੋਹੜ ਨਹੀਂ,
ਮਿਹਨਤਾਂ ਦੇ ਨਾਲ ਯਾਰਾ, ਜੋ ਹੈ ਸੋਚਿਆ ਸੋ ਪਾ ਲਿਆ।

ਕਰਦਾ ਕੋਈ ਗੱਲਾਂ ਝੂਠੀਆਂ, ਜਦ ਸਾਡੇ ਨਾਮ ਤੇ,
ਪਰ ਸੱਚ ਕਦੇ ਨਹੀਂ ਝੁਕਦਾ, ਝੂਠੇ ਇਲਜ਼ਾਮ ਤੇ।

ਕਿਰਦਾਰਕੁਸ਼ੀ ਕਰਨਾ ਵਰਤਾਰਾ ਆਮ ਜਿਹਾ ਹੋ ਗਿਆ,
ਤਾਣਾ ਬਾਣਾ ਸਾਰਾ ਜਿਵੇਂ ਬੇਲਗਾਮ ਜਿਹਾ ਹੋ ਗਿਆ।

ਪਰ ਜੋ ਸੱਚ ਦੀ ਰਾਹ 'ਤੇ ਤੁਰਦੇ, ਸੱਚ ਦੀ ਬਾਤ ਕਹਿੰਦੇ,
ਉਹ ਕਿਰਦਾਰ ਨੂੰ ਸਾਫ ਰੱਖ ਕੇ, ਅੱਗੇ ਵਧਦੇ ਰਹਿੰਦੇ।

ਝੂਠ ਦੀ ਹਵਾ ਜਦ ਵਗਦੀ, ਸੱਚ ਦੇ ਰਾਹੀ ਨਾ ਮੁੜਦੇ,
ਸੱਚ ਦੀ ਰਾਹ 'ਤੇ ਤੁਰ ਕੇ, ਕਦੇ ਨਾ ਰੁਕਦੇ, ਨਾ ਝੁਕਦੇ।

ਦਿਲ ਜਰੂਰ ਦੁਖਦਾ, ਤੇ ਇੱਕ ਸੱਟ ਜਿਹੀ ਹੈ ਵੱਜਦੀ,
ਪਰ ਸੱਚ ਦੀ ਇਹ ਤਾਕਤ ਕਦੇ ਨਾ ਝੂਠ ਅੱਗੇ ਦਬਦੀ।

ਦਿਲ ਦੇ ਸਾਫ ਇਨਸਾਨ, ਸਦਾ ਸੱਚ ਨੂੰ ਪਸੰਦ ਕਰਦੇ,
ਕਿਰਦਾਰ ਉਨ੍ਹਾਂ ਦਾ ਚਮਕਦਾ, ਚਿਹਰੇ ਦਗ-ਦਗ ਕਰਦੇ।

ਬੰਦ ਪਏ ਦਰਵਾਜ਼ੇ, ਚਾਣਨ ਕਿੱਥੋਂ ਆਵੇ।
ਗੋਡਿਆਂ ਤੇ ਦੋਸ਼, ਖ਼ੁਦ ਉੱਠਿਆ ਨਾ ਜਾਵੇ।

ਮਾਂ ਬਾਪ ਦੀ ਜੋ ਸੇਵਾ, ਕਰੇ ਮਨ ਸੱਚੇ ਨਾਲ,
ਉਹ ਘਰੇ ਹੱਜ ਕਰੇ, ਉਹ ਘਰ ਗੰਗਾ ਨਹਾਵੇ।

ਡੱਕਾ ਕਰਦਾ ਨੀ ਦੂਹਰਾ, ਕੰਮ ਨਾ ਕੋਈ ਕਾਰ,
ਧਰ ਹੱਥ ਉੱਤੇ ਹੱਥ, ਕੋਸੀ ਮੁਕੱਦਰਾਂ ਨੂੰ ਜਾਵੇ।

ਨੀਤਾਂ ਨੂੰ ਮੁਰਾਦਾਂ, ਫ਼ਲ ਮੇਹਨਤਾਂ ਨੂੰ ਲੱਗਦੇ,
ਜਿਹੜਾ ਤੁਰ ਪੈਂਦਾ, ਉਹੀ ਮੰਜ਼ਿਲਾਂ ਨੂੰ ਪਾਵੇ।

ਈਰਖਾ ਤੇ ਸਾੜਾ ਏਨਾ ਵਧਿਆ ਜਹਾਨ ਵਿੱਚ,
ਸਾਹਮਣੇ ਜੋ ਬੈਠਾ, ਰੋਟੀ ਰੱਜਵੀਂ ਕਿਉਂ ਖਾਵੇ।

ਉਹ ਰਹਿਮਤਾਂ ਦਾ ਭਾਗੀ, ਉਹ ਕਿਰਪਾ ਨੂੰ ਪਾਵੇ,
ਜਿਹੜਾ ਖੁਸ਼ ਰੱਖੇ ਦੂਜੇ, ਖ਼ੁਦ ਖੁਸ਼ੀਆਂ ਉਹ ਪਾਵੇ।

ਇੱਕ ਸਮਾਂ ਸੀ, ਕੰਮ ਦੀ ਖਾਤਿਰ, ਕੱਢਦੇ ਸੀ ਜੋ ਗੇੜੇ ਲੋਕ।
ਅੱਖ ਝਪਕੇ ਵਿੱਚ ਦੂਰ ਹੋ ਗਏ, ਲੱਗਦੇ ਸੀ ਜੋ ਨੇੜੇ ਲੋਕ।

ਗਰਜਾਂ ਮਾਰੇ ਬਹੁਤੇ ਰਿਸ਼ਤੇ, ਨਾਲ ਸੁਆਰਥ ਜੁੜੇ ਹੋਏ ਨੇ,
ਕੰਮ ਨਿੱਕਲਜੇ, ਲੱਭੀ ਜਾਇਓ, ਕਦੇ ਨੀ ਵੜਦੇ ਵਿਹੜੇ ਲੋਕ।

ਹੁੰਦੇ ਸ਼ੁਕਰ-ਗੁਜ਼ਾਰ, ਚੇਤੇ ਰੱਖਣ, ਕੀਤੇ ਹੋਏ ਅਹਿਸਾਨਾਂ ਨੂੰ,
ਵਿਰਲੇ ਵਿਰਲੇ ਰਹਿ ਗਏ ਨੇ, ਯਾਦ ਨੇ ਰੱਖਦੇ ਜਿਹੜੇ ਲੋਕ।

ਭੁੱਲ ਜਾਂਦੇ ਨੇ ਓਸ ਵਕਤ ਨੂੰ, ਜਦ ਕੁਝ ਨਹੀਂ ਰਹਿੰਦਾ ਪੱਲੇ,
ਕੋਈ ਨੀ ਪੁੱਛਦਾ, ਰੁਲਦੇ ਫਿਰਦੇ, ਖਾਂਦੇ ਇਹ ਲਫੇੜੇ ਲੋਕ।

ਬੁੱਕਲ ਦੇ ਵਿੱਚ ਬੈਠ ਜਾਂਦੇ ਨੇ, ਬਣਕੇ ਥੋਡੇ ਖੈਰ-ਖੁਆਹ,
ਸੱਪ ਵਾਂਗਰਾਂ ਡੰਗ ਮਾਰਦੇ, ਜਦ ਵੀ ਆਉਂਦੇ ਨੇੜੇ ਲੋਕ।

ਮਿੱਤਰ ਬਣਕੇ ਦਗਾ ਕਮਾਉਂਦੇ, ਮਨ ਦੇ ਅੰਦਰੋਂ ਪੂਰੇ ਖੋਟੇ,
ਕਿਸ ਧਰਤ ਦੇ ਵਾਸੀ ਨੇ ਇਹ, ਵੱਜਦੇ ਨੇ ਇਹ ਕਿਹੜੇ ਲੋਕ।

ਗਲ ਪਿਆ ਢੋਲ ਵਜਾਉਣਾ ਪੈਂਦਾ।
ਜੀਅ ਨਹੀਂ ਕਰਦਾ, ਆਉਣਾ ਪੈਂਦਾ।

ਦਿਲ ਤਾਂ ਕਰਦਾ, ਚੁੱਪ ਹੋ ਜਾਵਾਂ,
ਕੀ ਕਰਾਂ, ਬੁਲਾਉਣਾ ਪੈਂਦਾ।

ਉਹ ਤਾਂ ਰੁੱਸ ਕੇ ਬਹਿ ਜਾਂਦਾ ਹੈ,
ਮੇਰਾ ਹੈ, ਮਨਾਉਣਾ ਪੈਂਦਾ।

ਉਹ ਤਾਂ ਜੇਹਾ ਹੈਗਾ, ਹੈਗਾ ਹੀ ਹੈ,
ਫਿਰ ਵੀ ਜਾਣਾ, ਆਉਣਾ ਪੈਂਦਾ।

ਮਾੜਾ ਚੰਗਾ, ਫਿਰ ਵੀ ਆਪਣਾ ਹੈ,
ਟੁੱਟ ਨੀ ਸਕਦੇ, ਸਮਝਾਉਣਾ ਪੈਂਦਾ।

ਜਿਹੜਾ ਲੰਘਦਾ, ਚੰਗਾ ਮੰਨੀਏ,
ਔਖ-ਸੌਖ 'ਚ ਲੰਘਾਉਣਾ ਪੈਂਦਾ।

ਪੁਲ ਬਣਾਵਾਂਗੇ, ਪਾਰ ਲੰਘ ਜਾਵਾਂਗੇ।
ਕੰਧਾਂ ਉਸਾਰਾਂਗੇ, ਕੱਲੇ ਰਹਿ ਜਾਵਾਂਗੇ।

ਅਜੇ ਕੁਝ ਨੀ ਵਿਗੜਿਆ ਡੁੱਲ੍ਹੇ ਬੇਰਾਂ ਦਾ,
ਨਾ ਸਮਝੇ ਤਾਂ ਬਹੁਤ ਪਛਤਾਵਾਂਗੇ।

ਨਾ ਸਮਝੀਂ ਅਸੀਂ ਹਾਰ ਕੇ ਬੈਠ ਗਏ ਹਾਂ,
ਆਵਾਂਗੇ, ਕੁੰਡਾ ਖੜਕਾ ਕੇ ਆਵਾਂਗੇ।

ਅੱਕ ਗਿਆ ਹਾਂ ਤੇਰੇ ਤਰਲੇ ਕੱਢ ਕੱਢ ਕੇ,
ਰੁੱਸ ਜਾ, ਟੁੱਟ ਜਾ, ਹੁਣ ਨਹੀਂ ਮਨਾਵਾਂਗੇ।

ਉਹ ਹੋਰ ਨੇ ਜੋ ਲਿੱਪ ਲਿੱਪ ਕਰਦੇ ਨੇ ਸਦਾ,
ਅਣਖੀ ਹਾਂ ਅਸੀਂ, ਦਸਤ ਪੰਜਾ ਲੜਾਵਾਂਗੇ।

ਨਾ ਪਰਖੀਂ ਹੋਰ, ਹੁਣ ਇਮਤਿਹਾਨ ਦੇ ਨਹੀਂ ਹੋਣੇ,
ਜੇ ਆ ਪਈ ਤਾਂ ਇੱਕ ਪਾਸਾ ਕਰਕੇ ਜਾਵਾਂਗੇ।

ਇਹ ਕਾਫ਼ਲੇ ਨੇ, ਇਹ ਚੱਲਦੇ ਰਹਿਣਗੇ।
ਦੀਵੇ ਤੇਲ ਵਾਲੇ ਸਦਾ ਬਲਦੇ ਰਹਿਣਗੇ।

ਕਰਮਬੀਰ, ਸਦਾ ਕਰਮ ਕਰਦੇ ਰਹਿਣਗੇ,
ਵਿਹੜੇ ਖੁਸ਼ੀਆਂ ਦੇ ਨਾਲ ਭਰਦੇ ਰਹਿਣਗੇ।

ਨੀਤਾਂ ਸੱਚੀਆਂ ਨੇ, ਉਹ ਜਿੱਤਦੇ ਰਹਿਣਗੇ,
ਸੋਚ ਖੋਟੀ ਵਾਲੇ ਸਦਾ ਹਰਦੇ ਰਹਿਣਗੇ।

ਸੱਚ ਦੀ ਜੋਤ ਜੋ ਸਦਾ ਜਗਾਉਂਦੇ ਰਹਿਣਗੇ,
ਉੱਚੇ ਉਹ ਮੁਕਾਮ ਸਦਾ ਪਾਉਂਦੇ ਰਹਿਣਗੇ।

ਮਹਿਕਦੇ ਫੁੱਲਾਂ ਵਾਂਗ, ਉਹ ਚਮਕਦੇ ਰਹਿਣਗੇ,
ਤਰੋਤਾਜ਼ਾ ਹਵਾ ਦੇ ਬੁੱਲੇ ਵਾਂਗ ਰੁਮਕਦੇ ਰਹਿਣਗੇ।

ਝੂਠ ਦੀ ਹਨੇਰੀ ਵਿੱਚ ਨਾ ਡਿਗਦੇ ਕਦੇ ਉਹ ਲੋਕ,
ਜਿਹੜੇ ਸੱਚ ਦੀ ਰੌਸ਼ਨੀ ਵਿੱਚ ਚੱਲਦੇ ਰਹਿਣਗੇ।

ਪਿਆਰੇ ਸੱਜਣ ਜੀ ਵੰਡੋ ਮਿਠਾਸ, ਚਾਰੇ ਪਾਸੇ, ਆਸ-ਪਾਸ!
ਬਰਕਤ ਭੱਜੀ ਭੱਜੀ ਆਊ, ਘਰ ਵਿੱਚ ਆ ਕੇ ਕਰੂ ਨਿਵਾਸ!

ਚੰਗਾ ਸੋਚੋ, ਮਿੱਠਾ ਬੋਲੋ, ਲੋਚੋ ਚੰਗਿਆਈ ਹਰ ਇੱਕ ਵਾਸਤੇ,
ਇਸ ਤੋਂ ਚੰਗਾ ਹੋਰ ਹੋ ਹੀ ਨਾ ਸਕਦਾ ਕੋਈ ਹੋਰ ਅਹਿਸਾਸ!

ਜ਼ਿੰਦਗੀ ਸਦਾ ਜ਼ਿੰਦਾਦਿਲੀ ਦਾ ਹੈ ਅਹਿਸਾਸ ਮੇਰੇ ਮਿੱਤਰੋ,
ਕਾਇਮ ਰਹਿਣੀ ਚਾਹੀਦੀ ਹੈ ਜ਼ਿੰਦਗੀ ਵਿੱਚ ਹਰ ਪਲ ਆਸ!

ਕੀ ਹੋਇਆ? ਕੀ ਖੁੱਸ ਗਿਆ? ਕੀ ਸੀ ਤੂੰ ਲੈ ਕੇ ਆਇਆ?
ਊਂਈ ਬੁਸਬੁਸਿਆ ਜਾ ਬੈਠਾਂ, ਮਨ ਕਾਹਤੋਂ ਕੀਤਾ ਉਦਾਸ!

ਮਾਂ ਦੀ ਗੋਦੀ ਵਿੱਚ ਸਿਰ ਰੱਖ ਕੇ ਕੇਰਾਂ ਬੈਠ ਤਾਂ ਸਹੀ,
ਠੰਢ ਪਊ ਕਾਲਜੇ 'ਚ ਤੇ ਮਿਲੂ ਇੱਕ ਵੱਖਰਾ ਧਰਵਾਸ!

ਕਵੀ ਹੋਣ ਦਾ ਯਕੀਨਨ ਵਹਿਮ ਨਹੀਂ, ਇਹ ਮਨ ਦੀ ਮੌਜ ਹੈ,
ਚਾਰ ਸਤਰਾਂ ਬੱਸ ਐਵੇਂ ਝਰੀਟ ਕੇ, ਵਕਤ ਹੁੰਦਾ ਹੈ ਸੁਹਣਾ ਪਾਸ।

ਆਪਣਿਆਂ ਦੇ ਕੋਲੋਂ ਹਰ ਜਾਂਦਾ ਹੈ, ਬੰਦਾ ਵੈਸੇ ਹਰਦਾ ਨਹੀਂ।
ਇੱਕ ਵਭੀਸ਼ਨ ਕਾਫੀ ਮਾਰਨ ਲਈ, ਬੰਦਾ ਵੈਸੇ ਮਰਦਾ ਨਹੀਂ।

ਕਹਿਣ ਨੂੰ ਜੋ ਮਰਜੀ ਕਹਿ ਲੈਂਦਾ ਹਾਂ ਤੇਰੇ ਵਾਰੇ ਮੈਂ ਸੱਜਣਾ,
ਸੱਚ ਜਾਣੀਂ ਪਰ ਬਿਨ ਤੇਰੇ, ਇੱਕ ਪਲ ਵੀ ਸਰਦਾ ਨਹੀਂ।

ਤੰਗ ਦਿਲ, ਮਾੜੀ ਸੋਚ, ਹਰ ਪਲ ਸ਼ੱਕ ਵਿੱਚ ਡੁੱਬੇ ਰਹਿੰਦੇ ਨੇ,
ਧੂੜ ਵਿੱਚ ਲਿੱਬੜੇ ਨੇ, ਮਨ ਦੇ ਸ਼ੀਸ਼ੇ ਤੋਂ ਲਿਹਾ ਗਰਦਾ ਨਹੀਂ।

ਕੀ ਭਰੋਸਾ ਉਸ ਪੌਣ ਕੁੱਕੜ ਦਾ, ਧੋਬੀ ਦਾ ਕੁੱਤਾ ਬਣ ਗਿਆ,
ਰਿਹਾ ਨਹੀਂ ਉਹ ਕਿਸੇ ਘਾਟ ਦਾ ਮਿੱਤਰੋ, ਕਿਸੇ ਘਰ ਦਾ ਨਹੀਂ।

ਜਦ ਮਿਲਦਾ ਸੀ ਕਦੇ, ਸੀਨੇ ਵਿੱਚ ਸੱਚਮੁੱਚ ਠੰਢ ਪੈਂਦੀ ਸੀ,
ਏਨਾ ਬਦਲ ਗਿਆ, ਘੁੱਟ ਜੱਫ਼ੀ ਨਾਲ ਵੀ ਸੀਨਾ ਠਰਦਾ ਨਹੀਂ।

ਸਿਖਰ ਦਾ ਸੇਕ ਹੈ ਏਥੇ, ਸਾਹ ਲੈਣਾ ਵੀ ਹੋ ਗਿਆ ਮੁਸ਼ਕਿਲ,
ਬੱਦਲ ਮੁਹੱਬਤਾਂ ਵਾਲਾ ਪਤਾ ਨਹੀਂ ਸਾਡੇ ਕਿਉਂ ਵਰ੍ਹਦਾ ਨਹੀਂ।

ਅਕ੍ਰਿਤਘਣ ਨੇ ਮਾੜੇ ਸਭ ਤੋਂ, ਧਰਤੀ ਉੱਪਰ ਭਾਰ।
ਅੱਖ ਝਪਕੀ ਤੇ ਭੁੱਲ ਜਾਂਦੇ ਨੇ, ਕੀਤੇ ਪਰਉਪਕਾਰ।

ਕੌਣ ਹੈਂ ਤੂੰ ? ਕਿੱਥੋਂ ਆਇਆ ? ਕੀ ਤੂੰ ਮੇਰਾ ਲੱਗਦਾ ?
ਯਾਦ ਨੀ ਮੈਨੂੰ ਆਪਾਂ ਕਿਤੇ ਪਹਿਲਾਂ ਮਿਲੇ ਹਾਂ ਯਾਰ।

ਖ਼ੂਨ ਵਹਾਇਆ ਜਿਨ੍ਹਾਂ ਖਾਤਿਰ, ਨਾ ਵਹਾਉਣ ਪਸੀਨਾ,
ਭੁੱਲ-ਭੁਲਾਕੇ, ਛੱਡ-ਛਡਾਕੇ, ਹੁਣ ਨਾ ਮਾਰਨ ਧਾਰ।

ਕੱਚਾ ਹੋਵੇ ਜਾਂ ਹੋਵੇ ਪੱਕਾ, ਕੋਈ ਫਰਕ ਨੀ ਪੈਂਦਾ ਯਾਰ,
ਪਾਰ ਲੰਘਣ ਦੀ ਠਾਣ ਜੋ ਲੈਂਦੇ, ਉਹ ਲੰਘ ਜਾਂਦੇ ਨੇ ਪਾਰ।

ਰੱਖ ਹੌਸਲਾ ਚੱਲਦੇ ਜਾਓ, ਮੰਜ਼ਿਲ ਹੈ ਮਿਲ ਜਾਣਾ,
ਜੇਤੂ ਰਾਹਾਂ ਦੇ ਉਹ ਰਾਹੀ, ਉਹ ਕਦੇ ਨਾ ਸਕਦੇ ਹਾਰ।

ਜੋ ਹਾਂ ਕਹਿੰਦੇ ਮੂੰਹ ਤੇ ਕਹਿੰਦੇ, ਲੁਕ ਛਿਪ ਕੁਛ ਨਾ ਕਰਦੇ,
ਨਾ ਕਿਸੇ ਦਾ ਬੁਰਾ ਲੋਚਦੇ, ਪਿੱਠ ਪਿੱਛੇ ਨਾ ਕਰਦੇ ਵਾਰ।

ਆਪਣਾ ਕੌਣ ਤੇ ਕੌਣ ਪਰਾਇਆ ?
ਏਸੇ ਉਲਝਣ, ਹੈ ਉਲਝਾਇਆ !

ਕੁਝ ਵੀ ਯਾਰੋ ਸਮਝ ਨਾ ਆਇਆ,
ਕੀ ਗਵਾਇਆ, ਕੀ ਹੈ ਪਾਇਆ।

ਖੇਡ ਤੇਰੀ ਹੈ, ਸਭ ਤੂੰ ਖਿਡਾਉਂਦਾ,
ਜੋ ਕੁਝ ਦਿਖਦਾ, ਤੇਰੀ ਮਾਇਆ।

ਖ਼ੁਦ ਦੇ ਕੋਲੋਂ, ਖ਼ੁਦ ਹੀ ਡਰ ਗਿਆ,
ਤੰਗ ਹੈ ਕਰਦਾ, ਖ਼ੁਦ ਦਾ ਸਾਇਆ।

ਆਉਣ ਦੀ ਸੱਜਣਾਂ ਖ਼ਬਰ ਤਾਂ ਘੱਲਦਾ,
ਆਇਆ, ਜੀਕਣ ਹੋਵੇਂ ਪਰਾਇਆ ?

ਤੋੜੀ ਨਾ, ਹਾੜਾ ਬਿਲਕੁਲ ਵੀ ਤੂੰ ਤੋੜੀ ਨਾ,
ਜੁੜਦਾ ਨੀ ਮੁੜ ਵਿਸ਼ਵਾਸ ਗੁਆਇਆ।

ਬੁਝਿਆ ਹੋਇਆ, ਉਦਾਸਿਆ ਚਿਹਰਾ ਲਈ ਫਿਰਦਾ ਹੈ ਉਹ।
ਭੁੱਲ ਬੈਠਾ, ਕਸ਼ਟ ਦੇ ਕੇ ਸਭ ਨੂੰ, ਕਿੱਦਾਂ ਖੁਸ਼ ਰਹਿ ਸਕੇਗਾ ਉਹ।

ਕੰਡੇ ਖਿਲਾਰ ਕੇ ਦੂਜਿਆਂ ਦੇ ਰਾਹਾਂ ਵਿੱਚ ਚੱਲਦਾ ਹੈ ਜੋ ਸੱਜਣਾ,
ਯਾਦ ਰੱਖ! ਕੰਡਿਆਂ ਦੀ ਚੁਭਣ ਖ਼ੁਦ ਨਹੀਂ ਸਹਿ ਸਕੇਗਾ ਉਹ।

ਨਾ ਚਿਤਵ ਬੁਰਾ, ਨਾ ਦੇਖ ਬੁਰੀਆਂ ਨਜ਼ਰਾਂ ਨਾਲ ਕਿਸੇ ਵੱਲ ਵੀ,
ਜੋ ਕਰਦਾ ਹੈ ਏਸ ਤਰ੍ਹਾਂ, ਨਾ ਸਕੂਨ ਨਾਲ ਕਦੇ ਰਹਿ ਸਕੇਗਾ ਉਹ।

ਛੱਡ ਦਿਓ ਜਾਣਾ ਉਸ ਮਜਲਸ ਵਿੱਚ ਜੋ ਤੁਹਾਡੇ ਮੇਚ ਦੀ ਨਹੀਂ,
ਬਹਿਸ ਅਜਿਹੇ ਮੂਰਖਾਂ ਨਾਲ ਕਰਕੇ ਨਾ ਸ਼ਾਂਤ ਰਹਿ ਸਕੇਗਾ ਉਹ।

ਜਿਹੜਾ ਜਿਉਂਦਾ ਅਹੰਕਾਰ ਦੇ ਹਨੇਰੇ ਵਿੱਚ ਗਰਦਨ 'ਚ ਕਿੱਲ ਠੋਕ ਕੇ,
ਇਹ ਸਮਝ ਲਵੇ ਪਿਆਰ ਦੀ ਰੋਸ਼ਨੀ ਬਿਨਾ ਕਦੋਂ ਤੱਕ ਜੀ ਸਕੇਗਾ ਉਹ।

ਇਹ ਜਾਣਦੇ ਹੋਏ ਸਭ ਕੁਝ ਕਿ ਉਹ ਕੁਝ ਵੀ ਨਹੀਂ ਜਾਣਦਾ ਹੈ,
ਫਿਰ ਵੀ ਗੱਡੇ ਹੇਠ ਕੁੱਤੀ ਵਾਂਗ ਬੋਝ ਸਾਰਾ ਚੁੱਕਦਾ ਰਹੇਗਾ ਉਹ।

ਉੱਠ, ਤੁਰ ਤੇ ਵਧਦਾ ਜਾਹ, ਨਾਲ ਸਹਿਜ ਦੇ ਚੱਲ।
ਉਹ ਹੈ ਤੇਰੀ ਉਡੀਕ ਵਿੱਚ, ਤੂੰ ਜਾ ਕੇ ਮੰਜ਼ਿਲ ਮੱਲ।

ਚਿੰਤਾ ਕਾਹਦੀ ? ਕਿਹੜੀ ਗੱਲ ਦਾ ਤੂੰ ਪਾਇਆ ਬੋਝ,
ਡਟਿਆ ਰਹਿ, ਸ਼ਰਧਾ ਰੱਖ, ਆਪੇ ਕੋਈ ਨਿੱਕਲੂ ਹੱਲ।

ਕੱਲ੍ਹ ਕਰਨਾ ਜੋ ਅੱਜ ਕਰ, ਅੱਜ ਜੋ ਕਰਨਾ ਕਰ ਹੁਣੇ,
ਕਰਨਾ ਨਹੀਂ ਹੈ ਕਦੇ ਵੀ ਅੱਜ ਦੇ ਕੰਮ ਨੂੰ ਆਪਾਂ ਕੱਲ੍ਹ।

ਗੱਡੀ ਨੀ ਕੋਈ ਚੱਲਦੀ, ਵਿੱਚ ਨਿਊਟਲ ਗੇਅਰ ਦੇ,
ਪਾਸਾ ਇੱਕ ਤੂੰ ਕਰ ਲੈ, ਹੋ ਜਾ ਉਸ ਦੇ ਜਾਂ ਮੇਰੇ ਵੱਲ।

ਜੋ ਕੁਝ ਕਰਨਾ ਕਰ ਲਵੋ, ਅਸੀਂ ਨਹੀਂ ਮੰਨਦੇ ਭੈਅ,
ਸੱਚ ਦੇ ਮਾਰਗ ਤੁਰੇ ਹਾਂ, ਤੇ ਰਹਿਣਾ ਸੱਚ ਦੇ ਵੱਲ।

ਮਿਹਨਤ ਦਾ ਕੋਈ ਬਦਲ ਨਾ, ਡਟਿਆ ਰਹਿ ਤੂੰ ਯਾਰ,
ਮਿਲਕੇ ਪੱਕਾ ਰਹਿਣਾ, ਸੱਚੀ ਮਿਹਨਤ ਦਾ ਹੈ ਫਲ।

ਝੂਠੇ ਠੱਗ ਕਮੀਨੇ ਟੱਕਰੇ।
ਅਸਲੋਂ ਭੇਡੂ ਕਹਿੰਦੇ ਬੱਕਰੇ।

ਬੋਝਾ ਖਾਲੀ, ਫੋਕੀ ਸ਼ਾਨ।
ਨਾਂਹੀ ਕੋਈ ਦੀਨ ਇਮਾਨ।

ਮੋਮੋ ਠੱਗਣੀਆਂ ਗੱਲਾਂ ਕਰਦੇ।
ਗੱਲ ਗੱਲ ਤੇ ਪਾਉਂਦੇ ਪਰਦੇ।

ਉੱਪਰੋਂ ਮਿੱਠੇ ਅੰਦਰੋਂ ਜ਼ਹਿਰੀ।
ਨਾ ਪੇਂਡੂੰ ਤੇ ਨਾ ਉਹ ਸ਼ਹਿਰੀ।

ਕਪਟੀ, ਚਤੁਰ ਅਤੇ ਮਕਾਰੀ,
ਧੋਖੇ ਦੇ ਨਾਲ ਲਾਉਂਦੇ ਯਾਰੀ।

ਇੱਕ ਵਾਰ ਜੇ ਵਾਹ ਪੈ ਜਾਵੇ।
ਮਿਲਦੇ ਹੰਝੂ, ਹਾਉਕੇ, ਹਾਵੇ।

ਉੱਜੜੇ ਬਾਗਾਂ ਦੇ ਗਾਲ੍ਹੜ ਪਟਵਾਰੀ।
ਚੂੰਡ ਕੇ ਖਾ ਗਏ ਵਾਰਮ ਵਾਰੀ।

ਡੁੱਬੀ ਤਾਂ ਜੇ ਸਾਹ ਨਾ ਆਇਆ,
ਪੱਲੇ ਕੁਝ ਨੀ, ਵੱਡੀ ਤਿਆਰੀ।

ਬੇਕਦਰਾਂ ਨਾਲ ਲਾ ਜੋ ਬੈਠੇ,
ਟੁੱਟਣੀ ਸੀ ਇਹ ਵਿੱਚੋਂ ਯਾਰੀ।

ਬਦ ਤੋਂ ਬਦਤਰ ਹਾਲਾਤ ਹੋ ਗਏ,
ਚਾਂਭਲਿਆ ਫਿਰਦਾ ਹਾਰੀ ਸਾਰੀ।

ਆਲ੍ਹਣੇ ਖਾਲੀ ਹੋ ਗਏ ਸਾਰੇ,
ਮਾਰ ਕੇ ਤੁਰ ਗਏ ਬੋਟ ਉਡਾਰੀ।

ਨਾਹਰੇ ਵੱਡੇ, ਲਾਰੇ ਵੱਡੇ ਲਾਉਂਦੇ,
ਨਵੀਂ ਡੁਗਡੁਗੀ, ਨਵੇਂ ਮਦਾਰੀ।

ਕੀ ਸੀ ਤੇ ਕੀ ਹੋ ਗਏ ?
ਊਂ ਹੂੰ ਉਹ ਤਾਂ ਖੋ ਗਏ।

ਕੀ ਕਿਹਾ, ਮੇਰੇ ਹੀ ਨੇ ?
ਉਹ ਤਾਂ ਗਏ, ਉਹ ਗਏ।

ਝੂਠ ਸੀ ਮਾਰਦੇ ਕੋਰਾ ਹੀ,
ਕਹਿੰਦੇ ਸੀ ਜੋ ਤੇਰੇ ਹੋ ਗਏ।

ਕਿਉਂ ਸੋਚਦਾ ਏਨਾਂ ਤੂੰ ਉਇ,
ਜਾਣ ਦੇ ਜਿਹੜੇ ਚਲੇ ਗਏ।

ਖੁਸ਼ ਹੋ ਦਿੱਤੇ ਤੋਹਫ਼ਿਆਂ ਨਾਲ,
ਕਿੰਨੀ ਪੀੜ ਤੜਫਣੀ ਦੇ ਗਏ।

ਪਲਾਂ ਵਿੱਚ ਹੀ ਭੁੱਲ ਜਾਂਦੇ ਨੇ,
ਲੋਕ ਏਨੇ ਮਤਲਬੀ ਹੋ ਗਏ।

ਬੱਸ ਕਰ, ਕਾਹਦੀ ਵਾਹ-ਵਾਹ! ਅਗਲਾ ਪਤਾ ਨਹੀਂ ਆਉਣਾ ਸਾਹ!
ਕਰ ਸ਼ੁਕਰਾਨਾ ਸਦਾ ਓਸ ਦਾ, ਵਾਹ-ਵਾਹ ਦੀ ਕਿਸ ਪਾਈ ਹੈ ਥਾਹ!

ਪਤਾ ਨਹੀਂ ਕਿਹੋ ਜਿਹੇ ਮਖੌਟੇ ਪਾਈ ਫਿਰਦੇ ਨੇ ਸ਼ਹਿਰ ਤੇਰੇ ਦੇ ਲੋਕ,
ਪਤਾ ਲੱਗਦਾ ਜਦ ਪੈਂਦਾ ਹੈ ਵਾਹ, ਜਾਂ ਜਾਣੀਏ ਜਦ ਪੈਂਦੇ ਹਾਂ ਰਾਹ।

ਊਂਈ ਭਰੇ ਪਏ ਨੇ ਨਾਲ ਗਰਮੀ, ਮੱਲੋ-ਮੱਲੀ ਆ ਚਿੰਬੜਣ ਗਲ ਨੂੰ,
ਬੋਚ-ਬੋਚ ਕੇ ਤੁਰੋ ਦੋਸਤੋ, ਲੋਕ ਵਿੱਚ ਵੱਜਦੇ ਫਿਰਦੇ ਨੇ ਖਾਹਮ-ਖਾਹ।

ਬਹੁਤ ਕਰਕੇ ਦੇਖ ਲਿਆ, ਸ਼ਰਧਾ ਤੇ ਪਾਕੀਜ਼ਗੀ ਨਾਲ ਮੈਂ ਸਭ ਕੁਝ,
ਜੀਅ ਕਰਦੈ ਸਭ ਕਾਸੇ ਦਾ ਹੁਣ, ਜੂਲਾ ਲਾਹ ਕੇ ਮਾਰਾਂ ਪਰ੍ਹੇ ਵਗਾਹ।

ਗੰਧਲੇ ਬਹੁਤੇ ਰਿਸ਼ਤੇ ਹੋ ਗਏ, ਭੁੱਲ ਗਏ ਮਾਣ-ਮਰਿਆਦਾ ਸਾਰੀ,
ਹਫੜਾ-ਦਫੜੀ, ਕੁਰਬਲ-ਕੁਰਬਲ, ਚਾਰੇ ਪਾਸੇ ਪੈ ਗਿਆ ਗਾਹ।

ਝੂਠੇ ਨੂੰ ਇਹ ਪਾਕ ਬਣਾਵਨ, ਸੱਚਾ-ਸੁੱਚਾ ਵਿੱਚ ਕਟਿਹਰੇ ਆ ਜਾਂਦਾ,
ਧੌਂਸ ਇਹਨਾਂ ਦੀ ਰੱਬ ਤੋਂ ਵੱਡੀ, ਇਹ ਨੇ ਮਿੱਤਰੋ ਅੱਜ ਦੇ ਸ਼ਹਿਨਸ਼ਾਹ।

ਵਿਸ਼ਵਾਸ, ਭਰੋਸਾ ਤੇ ਇਤਬਾਰ।
ਪੂਰਾ ਉੱਠ ਗਿਆ ਹੈ ਮੇਰੇ ਯਾਰ।

ਕੋਲੇ ਬੈਠਾ ਜੋ ਲੱਗਦਾ ਆਪਣਾ,
ਪਿੱਠ ਦੇ ਪਿੱਛੇ ਹੈ ਕਰਦਾ ਵਾਰ।

ਚਾਰ ਕੁ ਸ਼ਬਦ ਲਿਖ ਦਿੰਦਾ ਹਾਂ,
ਮਨ ਵਿੱਚ ਆਉਂਦੇ ਉੱਠਣ ਸਾਰ।

ਤੇਰੇ ਪਾਸੋਂ ਜਿੱਤਣ ਦੀ ਨਹੀਂ ਇੱਛਾ,
ਖੁਸ਼ ਰਹਿੰਦਾ ਹਾਂ ਤੇਰੇ ਕੋਲੋਂ ਹਾਰ।

ਉਸ ਘਰ 'ਤੇ ਹੈ ਰੱਬ ਦੀ ਰਹਿਮਤ,
ਸਿਆਣੇ ਬੱਚੇ, ਘਰ ਗੁਣਵੰਤੀ ਨਾਰ।

ਸੱਚੀ ਸ਼ਰਧਾ, ਪੱਕੀ ਟੇਕ ਹੈ ਉਸ 'ਤੇ,
ਆਪੇ ਲਾਉਂਦਾ ਉਹੀ ਸਾਰੇ ਬੇੜੇ ਪਾਰ।

ਰੱਖ ਕੇ ਵਰਤ ਸਰੀਰ ਨੂੰ ਰਾਹਤ ਦਵਾਓ।
ਹਫ਼ਤੇ ਵਿੱਚ ਇਕ ਵਾਰ, ਜਰੂਰ ਅਪਣਾਓ।

ਜਿਵੇਂ ਫਸਲ ਨੂੰ ਪਾਣੀ ਦੀ ਹੈ ਲੋੜ ਪੈਂਦੀ,
ਮਨ ਨੂੰ ਵੀ ਹੈ ਅਰਾਮ ਦੀ ਲੋੜ ਪੈਂਦੀ।

ਗੱਲਾਂ-ਬਾਤਾਂ ਤੋਂ ਵੀ ਇਕ ਦਿਨ ਚੁੱਪ ਰਹੋ,
ਅੰਦਰੋਂ ਬਾਹਰੋਂ, ਮਨ ਨੂੰ ਪੂਰਾ ਸਾਫ ਕਰੋ।

ਸੁਣਨ ਦੇ ਵਰਤ ਨਾਲ ਵੀ ਸ਼ਾਂਤੀ ਹੈ ਮਿਲਦੀ,
ਫਜ਼ੂਲ ਗੱਲਾਂ ਤੋਂ ਦਿਨ ਲਈ ਮੁਕਤੀ ਮਿਲਦੀ।

ਦੇਖਣ ਛੱਡ ਇਕ ਦਿਨ, ਬੇਕਾਰ ਦੀਆਂ ਚੀਜ਼ਾਂ,
ਅੱਖਾਂ ਨੂੰ ਮਿਲੂ ਸਹੀ ਅਰਾਮ, ਮਨ ਦੀਆਂ ਮੌਜਾਂ।

ਅਹਿਸਾਸਾਂ ਨੂੰ ਵੀ ਇੱਕ ਦਿਨ ਵਿਰਾਮ ਹੈ ਚਾਹੀਦਾ,
ਮਨ ਦੇ ਰੂਪ ਨੂੰ ਸੱਚ ਨਾਲ, ਸਾਫ ਕਰਨਾ ਚਾਹੀਦਾ।

ਜਿੰਨੀ ਸੱਜਣਾ ਲੋੜ ਹੈ ਮੇਰੀ, ਵਰਤ ਸਕਦਾ ਹੈਂ।
ਤੇਰੇ ਲਈ ਨਾ ਥੋੜ ਹੈ ਮੇਰੀ-ਵਰਤ ਸਕਦਾ ਹੈਂ।

ਬਿਲਕੁਲ ਸੰਗੀ ਜਾਂ ਨਾ ਝਿਜਕੀਂ ਤੂੰ ਵਰਤਣ ਤੇ,
ਹੁਣ ਵੀ ਜੇਕਰ ਲੋੜ ਹੈ ਮੇਰੀ, ਵਰਤ ਸਕਦਾ ਹੈਂ।

ਇਹ ਨਾ ਸਮਝੀਂ ਪਤਾ ਨਹੀਂ ਮੈਨੂੰ ਚੱਲਦਾ ਹੈ,
ਉਮਰ ਹੁਣ ਪਰੋੜ ਹੈ ਮੇਰੀ, ਵਰਤ ਸਕਦਾ ਹੈਂ।

ਪਹਿਲਾਂ ਕਿਹੜਾ ਘੱਟ ਵਰਤਿਆ, ਹੁਣ ਵੀ ਸੋਚੀਂ ਨਾ,
ਮੈਨੂੰ ਵਰਤਣ ਦੀ ਤਾਂ ਹੋੜ ਹੈ ਤੇਰੀ, ਵਰਤ ਸਕਦਾ ਹੈਂ।

ਦੱਸ ਭਲਾ ਖਾਂ ਤੂੰ ਛੱਡਿਆ ਕੀ ਹੈ ਮੈਨੂੰ ਵਰਤਣ ਤੋਂ,
ਡਾਲੀ ਡਾਲੀ ਲਈ ਹੈ ਤੋੜ ਮੇਰੀ, ਵਰਤ ਸਕਦਾ ਹੈਂ।

ਹਰ ਪਲ ਵਗਦਾ ਸਾਗਰ ਹਾਂ, ਭਰਿਆ ਰਹਿਣਾ ਹੈ,
ਬੂੰਦ ਬੂੰਦ ਤੂੰ ਲਈ ਨਚੋੜ ਹੈ ਮੇਰੀ, ਵਰਤ ਸਕਦਾ ਹੈਂ।

ਬਹੁਤਾ ਸੋਚੋ ਨਾ, ਦਫ਼ਾ ਕਰੋ।
ਬਹੁਤਾ ਲੋਚੋ ਨਾ, ਦਫ਼ਾ ਕਰੋ।

ਬਹੁਤਾ ਕਰੋ ਨਾ, ਦਫ਼ਾ ਕਰੋ।
ਬਹੁਤੇ ਮਰੋ ਨਾ, ਦਫ਼ਾ ਕਰੋ।

ਬਹੁਤਾ ਲੜੋ ਨਾ, ਦਫ਼ਾ ਕਰੋ।
ਬਹੁਤੇ ਅੜੋ ਨਾ, ਦਫ਼ਾ ਕਰੋ।

ਬਹੁਤਾ ਚਾਹੋ ਨਾ, ਦਫ਼ਾ ਕਰੋ।
ਬਹੁਤਾ ਗਾਹੋ ਨਾ, ਦਫ਼ਾ ਕਰੋ।

ਬਹੁਤਾ ਬੋਲੋ ਨਾ, ਦਫ਼ਾ ਕਰੋ।
ਬਹੁਤਾ ਤੋਲੋ ਨਾ, ਦਫ਼ਾ ਕਰੋ।

ਬਹੁਤਾ ਆਓ ਨਾ, ਦਫ਼ਾ ਕਰੋ।
ਬਹੁਤਾ ਜਾਓ ਨਾ, ਦਫ਼ਾ ਕਰੋ।

ਉੱਚੇ ਅੰਬਰੀਂ ਉਡਾਰੀ, ਜੀ ਹੁੰਦੀ ਹੈ ਉਕਾਬ ਦੀ।
ਕਾਂ ਨਾਲ ਭਿੜਣਾਂ, ਨਹੀਂ ਫਿਤਰਤ ਜਨਾਬ ਦੀ।

ਸਭ ਕੁਝ ਲੁਟਾ ਕੇ, ਜਦ ਖਾਲੀ ਹੋ ਕੇ ਬੈਠ ਗਏ,
ਫਿਰ ਪਤਾ ਲੱਗਿਆ, ਸੀ ਮੁਹੱਬਤ ਬੇਹਿਸਾਬ ਦੀ।

ਪੱਲੇ ਬਹੁਤਾ ਕੁਝ ਨਹੀਂ, ਪਰ ਦਿਲ ਦੇ ਅਮੀਰ ਹਾਂ,
ਲੋੜ ਨਹੀਂ ਸਵਾਲ ਦੀ, ਤੇ ਲੋੜ ਨਹੀਂ ਜਵਾਬ ਦੀ।

ਸਭ ਕੁਝ ਚਿੱਟੇ ਦਿਨ ਵਾਂਗ ਸਾਫ਼ ਹੁਣ ਹੋ ਗਿਆ,
ਖੁੱਲ੍ਹ ਗਈ ਆ ਗੰਢ ਹੁਣ ਪਾਏ ਹੋਏ ਨਕਾਬ ਦੀ।

ਇਹੋ ਜਿਹੀ ਦੋਸਤੀ ਜੀ ਹੋਰ ਕਿਤੋਂ ਲੱਭਣੀ ਨਹੀਂ,
ਸਾਂਝ ਕਦੇ ਟੁੱਟਦੀ ਨਾ ਜੋ ਪਾਈ ਹੋਈ ਕਿਤਾਬ ਦੀ।

ਰਹਿੰਦੇ ਨੇ ਖ਼ੁਆਬ ਸਦਾ ਤੇਰੇ ਮੇਰੇ ਚੇਤਿਆਂ 'ਚ,
ਨੀਂਦ 'ਚ ਉਡੀਕ ਰਹਿੰਦੀ ਤੇਰੇ ਹੀ ਖ਼ੁਆਬ ਦੀ।

ਛੁਹ ਲੈਣ ਦੇ ਮੈਨੂੰ ਇੱਕ ਵਾਰ।
ਕਰਦੇ ਮੈਨੂੰ ਪਾਰਸ ਮੇਰੇ ਯਾਰ।

ਤੂੰ ਹੀ ਤੂੰ, ਸਭ ਕੁਝ ਤੇਰਾ ਤੇਰਾ,
ਮੇਹਰ ਬਣਾਈਂ ਓ ਪਾਲਣਹਾਰ।

ਕਹਿਣ ਨੂੰ ਭਾਵੇਂ ਵਾਧੂ ਮਿੱਤਰ ਨੇ,
ਟਾਂਵਾਂ ਹੀ ਹੈ ਬਣਦਾ ਰਾਜ਼ਦਾਰ।

ਨਾ ਅਹਿਸਾਨ ਫਰਮੋਸ਼ੀ ਕਰਦੇ ਹਾਂ,
ਨਾ ਹੀ ਤੋੜਦੇ ਹਾਂ ਕੀਤਾ ਇਕਰਾਰ।

ਚੱਲ ਜਾਹ ਪਰ੍ਹੇ, ਝੱਲਾ ਜਾ ਨਾ ਹੋਵੇ,
ਪਤੈ ? ਤੈਨੂੰ ਕਿੰਨਾਂ ਕਰਦਾਂ ਪਿਆਰ ?

ਜਿਹੜੇ ਠਾਣ ਕੇ ਤੁਰਦੇ ਨੇ ਰਾਹਾਂ 'ਤੇ,
ਹੋ ਹੀ ਨਹੀਂ ਸਕਦਾ ਉਹ ਜਾਵਣ ਹਾਰ।

ਕੀ ਹੁੰਦਾ ਹੈ ਤੇ ਕੀ ਬਣ ਜਾਂਦੈ ਬੰਦਾ,
ਅੱਖ ਝਪਕੇ ਵਿੱਚ ਢਲ ਜਾਂਦੈ ਬੰਦਾ।

ਫੂੰ-ਫੂੰ ਪਤਾ ਨੀ ਕਿਸ ਗੱਲ ਦੀ ਕਰਦਾ,
ਇੱਕ ਦਮ ਨਾ ਆਵੇ, ਚਲ ਜਾਂਦੈ ਬੰਦਾ।

ਬੜਾ ਔਖਾ ਹੁੰਦਾ ਇਹ ਕਾਬੂ ਵਿੱਚ ਰੱਖਣਾ,
ਨਹੀਂ ਤਾਂ ਅਕਸਰ ਹੀ ਫਿਸਲ ਜਾਂਦੈ ਬੰਦਾ।

ਭੱਜਾ ਦੌੜੀ, ਇਹ ਖਿੱਚ ਧੂਹ ਵਧ ਗਈ ਏਨੀ,
ਕਿ ਬੰਦੇ ਨੂੰ ਹੀ ਪਲ ਵਿੱਚ ਮਸਲ ਜਾਂਦੈ ਬੰਦਾ।

ਪਹਿਚਾਣ ਹੋ ਗਈ ਔਖੀ ਗਿਰਗਟੀ ਯੁਗ ਵਿੱਚ,
ਬੜੀ ਅਸਾਨੀ ਦੇ ਨਾਲ ਰੰਗ ਬਦਲ ਜਾਂਦੈ ਬੰਦਾ।

ਕੀ ਤੁਸੀਂ ਨਾਲ ਕਿਸੇ ਦੇ ਖੜ੍ਹ ਸਕੋਗੇ ਉਇ ਮਿੱਤਰੋ,
ਪਤਾ ਨੀ ਕਦੋਂ ਵਿਰੋਧੀਆਂ ਦੇ ਨਾਲ ਰਲ ਜਾਂਦੈ ਬੰਦਾ।

ਜਿਹੜੇ ਅੱਡੀਆਂ ਚੁੱਕ-ਚੁੱਕ ਫਾਹਾ ਲੈਂਦੇ ਨੇ।
ਉਮਰ ਸਾਰੀ ਉਹ ਤੰਗੀ-ਤੁਰਸ਼ੀ ਸਹਿੰਦੇ ਨੇ।

ਕੋਠੇ ਚੜ੍ਹਕੇ ਦੇਖੋ, ਘਰ-ਘਰ ਏਹੋ ਅੱਗ ਹੈ,
ਦੁੱਖ-ਸੁੱਖ ਨਾਲੋ ਨਾਲ ਹੀ ਚੱਲਦੇ ਰਹਿੰਦੇ ਨੇ।

ਜਿੱਤ ਉਹਨਾਂ ਦੀ ਸਾਥੀ ਬਣਦੀ ਹੈ ਇੱਕ ਦਿਨ,
ਔਖੇ ਸਮਿਆਂ ਵਿੱਚ ਵੀ ਨਾ ਜਿਹੜੇ ਢਹਿੰਦੇ ਨੇ।

ਉਹ ਕਦੇ ਵੀ ਛਾਪ ਨਾ ਵੱਖਰੀ ਛੱਡਦੇ ਨੇ ਮਿੱਤਰੋ,
ਜਿਹੜੇ ਬਣੇ ਬਣਾਏ ਰਸਤੇ ਉੱਪਰ ਤੁਰਦੇ ਰਹਿੰਦੇ ਨੇ।

ਦਰਿਆ ਕਦੇ ਵੀ ਰਸਤੇ ਦੀ ਭੀਖ ਨਹੀਂ ਮੰਗਦੇ,
ਮਨ ਮਰਜ਼ੀ ਦੇ ਮਾਲਕ, ਆਪਣੀ ਮਰਜ਼ੀ ਵਹਿੰਦੇ ਨੇ।

ਜਿਹੜੇ ਲੱਗੇ ਰਹਿੰਦੇ ਆਪਣੀ ਧੁਨ ਵਿੱਚ ਮਨ ਸੱਚੇ,
ਜ਼ਿੰਦਗੀ ਦੇ ਵਿੱਚ ਕੁਝ ਨਾ ਕੁਝ ਉਹ ਪੱਕਾ ਲੈ ਬਹਿੰਦੇ ਨੇ।

ਲੱਖ ਸੋਨੇ ਦੇ ਬਣ ਜਾਵੋ, ਜਿਨ੍ਹਾਂ ਮਰਜੀ ਯਾਰੋ ਪਿਆਰ ਕਰੋ।
ਮੂੰਹ ਸੁੱਜਦਾ ਤੁਸੀਂ ਦੇਖਿਓ, ਕੇਰਾਂ ਥੋੜ੍ਹਾ ਜਿਹਾ ਇਨਕਾਰ ਕਰੋ।

ਅੱਜ ਤੁਹਾਡੇ ਤੀਕਣ ਜੇਕਰ ਕੋਈ ਮਤਲਬ ਨਹੀਂ ਹੈ ਲੋਕਾਂ ਨੂੰ,
ਭੁੱਲ ਵਹਿੰਦੇ ਨੇ ਕੀਤੇ ਸਾਰੇ ਕੰਮਾਂ ਨੂੰ, ਜਿੰਨੇ ਵੀ ਉਪਕਾਰ ਕਰੋ।

ਰਿਸ਼ਤੇ ਨਾਤੇ ਬਹੁਤੇ ਮਤਲਬਖੋਰੀ ਦੇ ਹੁਣ ਹੋ ਗਏ ਲੱਗਦੇ ਨੇ,
ਵਾਂਗ ਲਿਬਾਸਾਂ ਬਦਲਣ ਲੋਕੀਂ, ਭੋਰਾ ਵੀ ਨਾ ਇਤਬਾਰ ਕਰੋ।

ਮਾਂ ਬਾਪ ਤੋਂ ਵੱਡਾ ਤੀਰਥ, ਹੈ ਨਹੀਂ ਹੋਰ ਕੋਈ ਦੁਨੀਆ ’ਤੇ,
ਸੱਚੀ ਸੁੱਚੀ ਸ਼ਰਧਾ ਰੱਖਕੇ, ਦਿਲ ਸੱਚਿਓਂ ਸਤਿਕਾਰ ਕਰੋ।

ਜੋ ਲਿਖਿਆ ਹੈ ਵਿੱਚ ਮੁਕੱਦਰ, ਉਹ ਤਾਂ ਮਿਲਕੇ ਰਹਿਣਾ ਹੈ,
ਨੇਕ ਨੀਅਤ ਨਾਲ ਕਰਮ ਕਮਾਵੋ, ਹਾਰ-ਜਿੱਤ ਸਵੀਕਾਰ ਕਰੋ।

ਮੰਦੇ ਬੋਲ ਨਾ ਮੂੰਹੋਂ ਬੋਲੋ, ਪੱਲਾ ਕਦੇ ਨਾ ਛੱਡੋ ਚੰਗੀਆਂ ਸੋਚਾਂ ਦਾ,
ਜਿੰਨਾ ਚੰਗਾ ਕਰ ਸਕਦੇ ਹੋ, ਕਰਦੇ ਜਾਓ, ਵਾਰ-ਵਾਰ ਕਰੋ।

ਚੁੱਪ ਹੋ ਜਾ, ਅਰਾਮ ਨਾਲ ਖਲੋ ਜਾ।
ਤੂੰ ਕੀ, ਕੌਣ ਤੂੰ, ਹਟ ਪਰ੍ਹੇ ਚੁੱਪ ਹੋ ਜਾ।

ਮੈਂ ਤੇਰੇ ਤੋਂ ਦੱਸ ਟਿੰਢੀਆਂ ਲੈਣੀਆਂ ਨੇ,
ਐਵੇਂ ਆਕੜੀ ਜਾਨੈਂ, ਜਾਹ ਦਫ਼ਾ ਹੋ ਜਾ।

ਕੋਈ ਕਿਸੇ ਦਾ ਮਿੱਤ ਨਹੀਂ ਹੁੰਦਾ ਦੋਸਤੋ,
ਗਰਜਾਂ ਨੇ ਸਭ, ਚਾਹੇ ਲੱਖ ਸੱਚਾ ਹੋ ਜਾ।

ਚੰਗਾ ਬਣ ਕੇ ਬਹੁਤ ਦੇਖ ਲਿਆ ਹੈ ਤੂੰ,
ਸਿੱਧਾ ਹੋ ਕੇ ਟੱਕਰ, ਜਵਾਂ ਸਿੱਧਾ ਹੋ ਜਾ।

ਜੇ ਕਿਸੇ ਨੇ ਕੀਤਾ ਤਾਂ ਜਰਾ ਵੀ ਨਾ ਭੁੱਲੀਂ,
ਉਸ ਲਈ ਭਾਵੇਂ ਇੱਕ ਟੰਗ ਤੇ ਖਲੋ ਜਾ।

ਹੁਣ ਤਾਂ ਸਭ ਕੁਝ ਹੀ ਓਪਰਾ ਜਿਹੈ ਲੱਗਦਾ,
ਮੋਹ ਨਹੀਂ ਰਿਹਾ ਭਾਵੇਂ ਲੱਖ ਸੋਨੇ ਦਾ ਹੋ ਜਾ।

ਸ਼ੁਕਰ ਓਸਦਾ, ਅੱਖੀਆਂ ਵਿੱਚੋਂ ਵਹਿੰਦੇ ਹੰਝੂ।
ਵਸਲ-ਵਿਛੋੜਾ, ਦੋਨਾਂ ਦੀ ਗੱਲ ਕਹਿੰਦੇ ਹੰਝੂ।

ਧੀ ਤੋਰਨੀ ਨਾ ਕੋਈ ਸੌਖਾ ਕਾਰਜ ਹੁੰਦਾ ਹੈ,
ਆਪ ਮੁਹਾਰੇ ਅੱਖੀਆਂ ਵਿੱਚੋਂ ਵਹਿੰਦੇ ਹੰਝੂ।

ਕਹਿੰਦੇ ਉਹ ਤਾਂ ਬਿਲਕੁਲ ਪੱਥਰ ਹੋ ਗਿਆ,
ਰੋ ਰੋ ਲਏ ਮੁਕਾ, ਭੋਰਾ ਵੀ ਨੀ ਰਹਿੰਦੇ ਹੰਝੂ।

ਜਦ ਵੀ ਆ ਕੋਈ ਗਠੜੀ ਤੇਰੀ ਖੋਲ੍ਹ ਲੈਂਦਾ ਹੈ,
ਕੀ ਤੈਨੂੰ ਮੈਂ ਦੱਸਾਂ, ਇੱਕ ਗੱਲ ਨੀ ਸਹਿੰਦੇ ਹੰਝੂ।

ਏਨਾ ਕਾਹਤੋਂ ਭਾਵੁਕ ਹੋ ਬੈਠਾਂ ਹੈਂ ਸੱਜਣਾ ਉਇ,
ਗੱਲ-ਗੱਲ ਤੇ, ਪਲ-ਪਲ ਤੇ, ਨੇ ਵਹਿੰਦੇ ਹੰਝੂ।

ਹੰਝੂਆਂ ਦੀ ਵੀ ਇੱਕ ਨਿਰਾਲੀ ਦੁਨੀਆ ਹੁੰਦੀ ਹੈ,
ਕਦੇ ਕੋਈ ਤੇ ਕਦੇ ਕੋਈ ਕਹਾਣੀ ਨੇ ਕਹਿੰਦੇ ਹੰਝੂ।

ਸ਼ਬਦਾਂ ਦਾ ਹੈ ਏਨਾ ਸੁਹਣਾ ਸੰਸਾਰ।
ਭੱਜ ਭੱਜ ਮਿਲਦੇ ਨੇ ਉੱਠਣ-ਸਾਰ।

ਸ਼ਬਦ ਖਜ਼ਾਨਾ ਹੈ ਸਾਡੀ ਵਿਰਾਸਤ,
ਸ਼ਬਦ ਵਿੱਚ ਹੀ ਹੈ ਵਸਦਾ ਕਰਤਾਰ।

ਸ਼ਬਦ ਮਾਂ ਬੋਲੀ ਦੇ ਸੱਚ-ਮੁੱਚ ਨੇ ਮਿੱਠੇ,
ਡੁੱਲ੍ਹ-ਡੁੱਲ੍ਹ ਪੈਂਦਾ ਮਾਂ ਦਾ ਪਿਆਰ।

ਸ਼ਬਦ ਹੀ ਤਾਂ ਨੇ ਮੇਰੀ ਰੂਹ ਦਾ ਸਕੂਨ,
ਆ ਹਾ! ਰੱਜ ਮਿਲਦਾ ਹੈ ਮਿਲਣਸਾਰ।

ਸ਼ਬਦਾਂ 'ਚ ਸੌਂਦਾ ਤੇ ਸ਼ਬਦ ਹੀ ਨੇ ਸੰਗੀ,
ਦਿਨ ਚੜ੍ਹਦਾ ਇਹਨਾਂ ਨਾਲ ਤੜਕਸਾਰ।

ਸ਼ਬਦ ਓਟ-ਆਸਰਾ ਹਰ ਦੁੱਖ ਦੀ ਘੜੀ,
ਸ਼ਬਦ ਹੀ ਕਰਦੇ ਨੇ ਹਰ ਪਲ ਖੁਸ਼ਗਵਾਰ।

ਚੱਲਦੇ ਰਹਿਣਾ।
ਰੁਕ ਨਾ ਬਹਿਣਾ।

ਨਾ ਕੁਝ ਕਹਿਣਾ,
ਤੇ ਨਾ ਹੈ ਸਹਿਣਾ।

ਨਾ ਹੀ ਡਰਨਾ,
ਨਾ ਹੀ ਢਹਿਣਾ।

ਮਿਹਨਤ ਸਾਡਾ,
ਸੱਚਾ ਗਹਿਣਾ।

ਝੁਕ ਨੀ ਸਕਦੇ,
ਨਹੀਂ ਪੈਰੀਂ ਪੈਣਾ।

ਦਰਿਆ ਹਾਂ ਵਗਦੇ,
ਤੇ ਵਗਦੇ ਰਹਿਣਾ।

ਹੁਣ ਤਾਂ ਸੱਚੀਂ ਦਮ ਘੁਟਦਾ ਹੈ।
ਆਪਣਾ ਹੀ ਜਦ ਆ ਲੁੱਟਦਾ ਹੈ।

ਕੱਲੇ ਕਹਿਰੇ ਕਦ ਇਹ ਆਉਂਦੇ,
ਦੁੱਖਾਂ ਦਾ ਪਹਾੜ ਆ ਟੁੱਟਦਾ ਹੈ।

ਇੱਕ ਵਾਰੀ ਜਦ ਲੱਗ ਜਾਂਦਾ ਹੈ,
ਇਹ ਚੰਦਰਾ ਫਿਰ ਕਦ ਛੁੱਟਦਾ ਹੈ।

ਬੰਦਾ ਧੁਰ ਅੰਦਰੋਂ ਟੁੱਟ ਜਾਂਦਾ ਹੈ,
ਆਪਣਾ ਹੀ ਜਦ ਠਾਹ ਸੁੱਟਦਾ ਹੈ।

ਦਿਲ ਦੇ ਉੱਤੇ ਪੱਕੇ ਨੇ ਪਏ ਉਕਰੇ,
ਦਿੱਤਾ ਹੋਇਆ ਜ਼ਖ਼ਮ ਕਦ ਮਿਟਦਾ ਹੈ।

ਏਦਾਂ ਪਿਸਦੇ ਰਹਿੰਦੇ ਹਾਂ ਨਗਰ ਤੇਰੇ ਵਿੱਚ,
ਉੱਖਲੀ ਵਿੱਚ ਕੋਈ ਜਿੱਦਾਂ ਪਾ ਕੁੱਟਦਾ ਹੈ।

ਬੁਰਕੀ, ਬੁਰਕੀ, ਪਾ ਤੀ ਬੁਰਕੀ।
ਨਾ ਚੱਲੀ, ਤਾਂ ਦੇ ਦਿੰਦੇ ਘੁਰਕੀ।

ਲਾਠੀ ਵੀ, ਮਾਲਕ ਮੱਝ ਦੇ ਵੀ ਨੇ,
ਰੱਖਦੇ ਸਭ ਕੁਝ ਨਾਲ ਨੇ ਘੁਰਕੀ।

ਕੁਝ ਨੀ ਪਤਾ ਹੁਣ ਲੱਗਦਾ ਉਇ,
ਦੁਨੀਆਂ ਫਿਰਦੀ ਲਿਸ਼ਕੀ ਪੁਸ਼ਕੀ।

ਪਲ ਵਿੱਚ ਹੀ ਉਹ ਫੁਰਰ ਹੋ ਗਿਆ,
ਮੈਂ ਤਾਂ ਅਜੇ ਅੱਖ ਵੀ ਨੀ ਸੀ ਝਪਕੀ।

ਕਿੰਨਾ ਬੰਦਾ ਬਦਲ ਜਾਂਦਾ ਹੈ ਮਿੱਤਰੋ,
ਮਾੜੀ ਜੀ ਕੀ ਉਸਦੀ ਬਦਲੀ ਕੁਰਸੀ।

ਏਨੀਆਂ ਅੱਖਾਂ ਫੇਰ ਗਿਆ ਹੈ ਬੇਕਦਰਾ,
ਪੁੱਛਦਾ ਹੈ ਆਪਣੀ ਸੀ ਵੀ ਕਦੇ ਦੋਸਤੀ ?

ਮਲਕ ਭਾਗੋ ਤਾਂ ਉਲਝੇ ਫਿਰਦੇ, ਐਵੇਂ ਵਿੱਚ ਹੰਕਾਰ।
ਬਾਬਾ ਨਾਨਕ ਭਾਈ ਲਾਲੋ ਦਾ, ਕਰਦਾ ਬੇੜਾ ਪਾਰ।

ਭਾਣੇ ਅੰਦਰ ਰਹਿਣ ਦਾ, ਸਬਕ ਗੁਰੂ ਸਾਡੇ ਨੇ ਦਿੱਤਾ,
ਭਾਣੇ ਅੰਦਰ ਰਹਿੰਦਾ ਜਿਹੜਾ, ਉਹਦੇ ਦੁੱਖ-ਸੁੱਖ ਪਾਰ।

ਬੋਲੀ ਤੋਂ ਪਹਿਚਾਣ ਹੈ ਹੈ ਬਣਦੀ, ਇੱਜ਼ਤ ਮਾਣ ਹੈ ਮਿਲਦਾ,
ਲੋਕੀਂ ਉਸਦੀ ਸੰਗਤ ਕਰਦੇ, ਜਿਸਦੀ ਨਿੱਗਰ ਹੈ ਗੁਫ਼ਤਾਰ।

ਬਾਜਾਂ ਵਾਲੇ ਗੁਰੂ ਨੇ ਸਾਨੂੰ, ਦਿੱਤੀ ਇੱਕ ਵਿਲੱਖਣ ਪਹਿਚਾਣ,
ਲੱਖਾਂ ਵਿੱਚੋਂ ਚਮਕ ਇਹ ਪੈਂਦੀ, ਬੰਨ੍ਹੀ ਜਿਸ ਦੇ ਹੈ ਦਸਤਾਰ।

ਕੱਛੂ ਨੇ ਹੁਣ ਜਿੱਤਣੀ ਨਾਂਹੀਂ, ਦੌੜ ਸਹੇ ਦੇ ਨਾਲ ਜੋ ਲਾਈ,
ਏ.ਆਈ ਦੇ ਇਸ ਯੁਗ ਅੰਦਰ, ਕਰਨੀ ਤੇਜ ਪੈਣੀ ਰਫ਼ਤਾਰ।

ਰਾਮ ਨਾਮ ਨੂੰ ਛੱਡ ਕੇ ਸਾਰੇ, ਤਿੱਖੀਆਂ ਛੁਰੀਆਂ ਫਿਰਦੇ ਚੱਕੀ,
ਬਿਲਕੁਲ ਨੀ ਘਬਰਾਉਂਦੇ ਇਹ, ਕਰਦੇ ਪਿੱਠ ਪਿੱਛੇ ਜਦ ਵਾਰ।

ਇਹ ਗੂੰਗੇ ਦਾ ਗੁੜ ਵਾਲਾ ਦਿੰਦਾ ਹੈ, ਸਕੂਨ ਮਿੱਤਰੋ!
ਪਿਆਰ 'ਚ ਮਿਸ਼ਰੀ ਵਾਂਗ ਲਗਦੈ ਹੈ, ਲੂਣ ਮਿੱਤਰੋ!

ਤੇਰੇ ਨਾਲ ਦਿਨ ਕਦੋਂ ਚੜ੍ਹ ਜਾਵੇ ਤੇ ਕਦੋਂ ਰਾਤ ਜਾਂਦੀ ਹੋ,
ਸੱਚੀਂ ਪਤਾ ਨਹੀਂਓ ਚੱਲਦਾ, ਏਨਾ ਹੁੰਦਾ ਹੈ ਜਨੂੰਨ ਮਿੱਤਰੋ!

ਇਹ ਖੇਡ ਪਿਆਰਾਂ ਵਾਲੀ, ਇਹ ਦਿਲਾਂ ਵਾਲੇ ਖੇਡਦੇ ਨੇ,
ਵਿੱਚ ਏਹਦੇ ਚੱਲਦਾ ਨਹੀਂ, ਕਾਇਦਾ ਜਾਂ ਕਾਨੂੰਨ ਮਿੱਤਰੋ।

ਕਰੋ ਪਿਆਰ ਰੱਜ-ਰੱਜ, ਏਹ ਕਾਇਨਾਤ ਸਾਡੀ ਸਾਰੀ,
ਘੁੱਟ-ਘੁੱਟ ਪਾਓ ਜੱਫੀ, ਡੋਲ੍ਹਣਾ ਨਹੀਂ ਹੈ ਖ਼ੂਨ ਮਿੱਤਰੋ।

ਆਓ ਖੁਸ਼ੀਆਂ ਮਨਾਈਏ, ਰਲ ਮਿਲ ਕੇ ਮਨਾਈਏ ਇਹ,
ਚੁਰਾਸੀ ਲੱਖ ਵਿੱਚੋਂ ਮਿਲੀ ਇਹ ਵਧੀਆ ਹੈ ਜੂਨ ਮਿੱਤਰੋ।

ਖੁਸ਼ੀ ਹੁੰਦੀ ਹੈ ਮਨ ਦੀ ਤੇ ਮਨ ਰੱਖੋ ਹਰ ਵੇਲੇ ਖੁਸ਼ ਸੱਜਣੋ,
ਲੋੜੀਂਦਾ ਹੈ ਹੋਰ ਕੀ ਜੇ ਮਨ ਨੂੰ ਮਿਲ ਜਾਵੇ ਸਕੂਨ ਮਿੱਤਰੋ।

ਸਾਡੀ ਕੀ ਔਕਾਤ ਮਾਲਕਾ।
ਸਭ ਤੇਰੀ ਸੌਗਾਤ ਮਾਲਕਾ।

ਕਿਰਪਾ ਤੇਰੀ, ਰਹਿਮਤ ਤੇਰੀ,
ਕੀਤੀ ਤੂੰ ਬਰਸਾਤ ਮਾਲਕਾ।

ਤੇਰੇ ਨਾਲ ਹੀ ਦਿਨ ਚੜ੍ਹਦਾ ਹੈ,
ਤੇਰੇ ਨਾਲ ਹੈ ਰਾਤ ਮਾਲਕਾ।

ਦ੍ਰਿਸ਼ਟੀ ਦਿੱਤੀ, ਬੋਲ ਵੀ ਦਿੱਤੇ,
ਭਰ ਦਿੱਤੇ ਨੇ ਜਜ਼ਬਾਤ ਮਾਲਕਾ।

ਰੱਜਵੀਂ ਰੋਟੀ, ਹੈ ਘਰ-ਪਰਿਵਾਰ,
ਏਹ ਸਭ ਹੈ ਤੇਰੀ ਦਾਤ ਮਾਲਕਾ।

ਤੇਰਾ-ਤੇਰਾ, ਸਭ ਕੁਝ ਤੇਰੀ ਕਿਰਪਾ,
ਨਹੀਂ, ਸਾਡੀ ਨਹੀਂ ਔਕਾਤ ਮਾਲਕਾ।

ਜੇ ਮਾਂ ਹੈ।
ਤਾਂ ਛਾਂ ਹੈ।

ਤੂੰ ਨਹੀਂ ਤਾਂ,
ਭਾਂ-ਭਾਂ ਹੈ।

ਕੀ ਗੱਲ ?
ਕਾਂ ਕਾਂ ਹੈ।

ਲਾਈ ਕਿਉਂ,
ਬਾਂ ਬਾਂ ਹੈ।

ਚਾਰੇ ਪਾਸੇ,
ਪਾਂ ਪਾਂ ਹੈ।

ਮੇਰਾ ਦਿਲ,
ਤੇਰੀ ਥਾਂ ਹੈ।

ਛੱਡ ਮਕਾਨ, ਬਣਾਈਏ ਘਰ!
ਬਣ ਜਾਂਦਾ ਉਹ ਰੱਬ ਦਾ ਦਰ!

ਪਿਆਰ ਦੀ ਹੋਵੇ ਜਿੱਥੇ ਵਰਖਾ,
ਹੁੰਦਾ ਹੈ ਉਹ ਅਸਲੀ ਘਰ।

ਮੋਹ-ਮੁਹੱਬਤ ਹੈ ਸਭ ਤੋਂ ਉੱਤਮ,
ਉਹ ਕਰ ਲੈ ਜਿੰਨੀ ਸਕਦੈਂ ਕਰ।

ਠੰਢ ਕਾਲਜੇ ਪੈ ਜਾਂਦੀ ਹੈ ਜਦ,
ਮਿਲ ਜਾਂਦੈ ਜਦ ਉਹ ਬੱਦਲ ਵਰ੍ਹ।

ਜਿੱਤ ਦੁਨੀਆਂ ਨੂੰ ਕੀ ਹੈ ਕਰਨਾ,
ਜਿੱਤ ਗਿਆ ਹਾਂ ਤੇਰੇ ਕੋਲੋਂ ਹਰ।

ਤੇਰੇ ਨਾਲ ਹੀ ਖੁਸ਼ੀਆਂ ਜੱਗ ਤੇ,
ਤੇਰੇ ਨਾਲ ਹੀ ਦੁਨੀਆ ਸਰ।

ਬੜਾ ਸੋਚਦਾ ਹਾਂ ਤੈਨੂੰ ਭੁੱਲ ਜਾਵਾਂ, ਤੈਨੂੰ ਛੱਡ ਜਾਵਾਂ।
ਪਰ ਸੱਚ ਦੱਸੀਂ, ਇਹ ਸਭ ਕੁਝ ਮੈਂ ਕਿਵੇਂ ਕਰ ਪਾਵਾਂ।

ਬਹੁਤ ਕਹਿੰਦਾਂ ਆਪਣੇ ਆਪ ਨੂੰ ਇਸ ਰਾਹ ਨਾ ਆਵਾਂ,
ਪਰ ਇਹ ਸਹੁਰਾ ਮੰਨਦਾ ਨਹੀਂ, ਦੱਸ ਕਿਵੇਂ ਸਮਝਾਵਾਂ ?

ਤੇਰੀ ਜਿੱਦ ਏਨੀ ਪੱਕੀ, ਤੂੰ ਮਨੋਂ ਦਿੱਤਾ ਹੈ ਵਿਸਾਰ ਸੱਜਣਾਂ,
ਮੈਂ ਏਡਾ ਕੱਚਾ ਥੋੜ੍ਹਾਂ ਜਿਹੜਾ ਤੇਰੀ ਅੜੀ ਅੱਗੇ ਝੁਕ ਜਾਵਾਂ।

ਤੂੰ ਦੂਰ ਜਾਣਾ ਜਾਹ, ਜੋ ਮਨ ਵਿੱਚ ਆਵੇ ਉਹੀ ਕਰਕੇ ਦਿਖਾ,
ਮੈਂ ਕਿਵੇਂ ਭੁੱਲ ਜਾਵਾਂ, ਤੂੰ ਦੱਸ ਆਕੇ ਮੈਨੂੰ ਕਿੱਦਾਂ ਮੈਂ ਭੁਲਾਵਾਂ।

ਏਨਾਂ ਲੰਘ ਆਏ ਹੁਣ, ਕੋਈ ਗੁੰਜਾਇਸ਼ ਨਹੀਂ ਹੈ ਮੁੜਨੇ ਦੀ,
ਇਹ ਜਾਣਦਾ ਹਾਂ ਮੈਂ, ਕਿ ਇਹ ਕੰਡਿਆਲੀਆਂ ਨੇ ਰਾਹਵਾਂ।

ਸੱਚ ਕਹਿ ਵੀ ਨਹੀਂ ਹੁੰਦਾ ਤੇ ਚੁੱਪ ਰਹਿ ਵੀ ਨਹੀਂ ਹੁੰਦਾ,
ਇਹ ਜੋ ਬਣਿਆ ਦਵੰਧ, ਓਨਾ ਉਲਝੇ ਜਿਨਾਂ ਸੁਲ੍ਹਾਝਾਵਾਂ।

ਜਿਉਂ ਜਿਉਂ ਵਧਦਾ ਜਾਂਦਾ ਪਿਆਰ।
ਵਿਛੜਣ ਦਾ ਡਰ ਵਧਦਾ ਯਾਰ।

ਨਾ, ਕਦੇ ਵੀ ਨਾ ਭੁੱਲੋ, ਉਸ ਨੂੰ,
ਕੀਤੇ ਹੋਣ ਜਿਸ ਨੇ ਪਰਉਪਕਾਰ।

ਸਾਢੇ ਤਿੰਨ ਹੱਥ ਥਾਂ ਹੈ ਲੋੜੀਂਦੀ,
ਜ਼ਿੰਦਗੀ ਦਾ ਇਹੀ ਹੈ ਤੱਤ ਸਾਰ।

ਇੱਕ ਦਿਨ ਖ਼ਾਕ ਹੋ ਜਾਣਾ ਸਭ ਨੇ,
ਭਾਵੇਂ ਕਿੱਡਾ ਵੀ ਹੋਵੇ ਸ਼ਾਹ ਅਸਵਾਰ।

ਝੰਡਾ ਸਦਾ ਬੁਲੰਦ ਰਹਿੰਦਾ ਹੈ ਉਸਦਾ,
ਉੱਚਾ ਰੱਖਦਾ ਹੈ ਹਰ ਪਲ ਜੋ ਕਿਰਦਾਰ।

ਬੱਸ ਮੇਹਰ ਬਣਾ ਕੇ ਰੱਖੀਂ ਮੇਰੇ ਦਾਤਾ,
ਦਾਤ ਰਹੀਂ ਪਾਉਂਦਾ ਝੋਲੀ ਓ ਦਾਤਾਰ।

ਏਥੇ ਸਭ ਕੁਝ ਵਣਜੀ ਹੋ ਗਿਆ।
ਪਿਆਰ ਵਣਜ ਵਿੱਚ ਖੋ ਗਿਆ।

ਰਿਸ਼ਤੇ ਨਾਤੇ ਹੋ ਗਏ ਗਰਜਾਂ ਦੇ,
ਕੰਮ ਨਿੱਕਲਿਆ, ਓਹ ਗਿਆ।

ਦਿਲ ਨੀ ਲੱਗਦਾ ਬਿਲਕੁਲ ਹੁਣ,
ਮਨ ਏਨਾਂ ਕਿਉਂ ਹੈ ਓਦਰ ਗਿਆ।

ਲੋਚਾਂ ਵਧੀਆਂ, ਪਰ ਖੁਸ਼ੀ ਗਈ,
ਖੁਸ਼ੀ ਦਾ ਬੂਹਾ ਕੋਈ ਢੋਅ ਗਿਆ।

ਧਰਤੀ ਨਫ਼ਰਤ ਕਿਉਂ ਹੈ ਬਣੀ ਹੋਈ,
ਕੌਣ ਇਹ ਮਾੜੇ ਬੀਜ ਹੈ ਬੋਅ ਗਿਆ।

ਤੁਰਿਆ ਚੱਲ ਤੂੰ ਸੱਚ ਦੀਆਂ ਰਾਹਾਂ 'ਤੇ,
ਮਰ ਜਾਂਦਾ ਹੈ ਜਿਹੜਾ ਖਲੋਅ ਗਿਆ।

ਖੁੱਲ੍ਹ ਜਾਂਦੇ ਦਰਵਾਜ਼ੇ ਸਾਰੇ, ਨਾਲ ਪਿਆਰਾਂ ਦੇ।
ਛੱਡ ਦਈਏ ਸਭ ਝਗੜੇ ਝੇੜੇ, ਨਫਰਤ ਖਾਰਾਂ ਦੇ।

ਕਿੰਨੇ ਸੁਹਣੇ ਦਿਨ ਹੁੰਦੇ ਸੀ ਉਹ ਕਾਲਜ ਵੇਲੇ ਦੇ,
ਦਿਨ ਭਰ ਬੈਠੇ ਰਹਿੰਦੇ ਸੀ ਸੰਗ ਰੰਗਲੇ ਯਾਰਾਂ ਦੇ।

ਢਲ ਜਾਂਦਾ ਹੈ ਬੰਦਾ ਦਿਨ ਇੱਕ ਉਹ ਵੀ ਆਉਂਦਾ ਹੈ,
ਚੇਤੇ ਫੇਰ ਹੈ ਕਰਦਾ, ਮਾਣੇ ਸੀ ਜੋ ਮੇਲੇ ਮਸਤ ਬਹਾਰਾਂ ਦੇ।

ਜ਼ਿੰਦਗੀ ਨਾਲ ਮੁਹੱਬਤ ਕੱਟਜੇ, ਉਹ ਓਨੀ ਚੰਗੀ ਹੁੰਦੀ ਹੈ,
ਕਾਹਦੇ ਝਗੜੇ ਝੇੜੇ, ਕਾਹਤੋਂ ਰੌਲੇ ਨੇ ਇਹ ਜਿੱਤਾਂ ਹਾਰਾਂ ਦੇ।

ਜੇ ਤੂੰ ਰਹਿਣਾ ਸੌਖਾ, ਬਣਕੇ ਉੱਦਮੀ ਡਟ ਜਾ ਕੰਮਾਂ 'ਤੇ,
ਕੰਮ ਦੀ ਖਾਤਰ ਤਰਲੇ ਕਾਹਤੋਂ ਕੱਢਣੇ ਹੈ ਸਰਕਾਰਾਂ ਦੇ।

ਸੱਚ ਜਾਣਿਓ, ਬੰਦਾ ਤਦ ਹੀ ਅਸਲੀ ਬੰਦਾ ਬਣਦਾ ਹੈ,
ਪੈਂਦੇ ਨੇ ਜਦ ਥਪੜੇ ਉਸਦੇ, ਸਮੇਂ ਦੀਆਂ ਜਦ ਮਾਰਾਂ ਦੇ।

ਕੁਝ ਨੀ ਲਿਖਣਾ, ਕੁਝ ਨਹੀਂ ਕਹਿਣਾ।
ਅੱਜ ਤਾਂ ਮੈਂ ਬੱਸ, ਹੈ ਚੁੱਪ ਹੀ ਰਹਿਣਾ।

ਤੁਸੀਂ ਕਹੋਂਗੇ ਇਹ ਕਮਲਾ ਹੋ ਗਿਆ,
ਬੱਸ ਕਰ ਝੱਲਿਆ, ਨਹੀਂ ਤੈਨੂੰ ਸਹਿਣਾ।

ਕਾਹਤੋਂ ਏਨਾਂ ਤੰਗ ਕੀਤਾ ਹੈ ਸੱਜਣਾ ਤੂੰ,
ਕਿਹੜੇ ਜਨਮ ਦਾ ਹੈ ਬਦਲਾ ਲੈਣਾ।

ਸ਼ਿਸ਼ਟਾਚਾਰ ਨੂੰ ਕਿਉਂ ਭੁੱਲ ਬਹਿੰਦੇ ਨੇ,
ਮਜਲਸ ਅੰਦਰ ਕੀ ਬੋਲਣਾ, ਕੀ ਹੈ ਕਹਿਣਾ।

ਹੁਣ ਤਾਂ ਦੇਖਣ ਨੂੰ ਵੀ ਨਹੀਂ ਚਿੱਤ ਕਰਦਾ,
ਕਾਹਦਾ ਕੋਲ ਓਸਦੇ, ਹੈ ਜਾ ਕੇ ਬਹਿਣਾ।

ਇੱਕ ਦੂਜੇ ਨੂੰ ਉਹ ਫਿਰਦੇ ਡੇਗਣ ਨੂੰ,
ਦੇਖੀ ਚੱਲੋ, ਕਿਸ ਨੇ ਕਿਸ ਤੋਂ ਹੈ ਢਹਿਣਾ।

ਭਾਗਾਂ ਵਾਲੇ ਨੇ ਉਹ, ਮਿਲੇ ਜਿਨ੍ਹਾਂ ਨੂੰ ਘਰ ਦਾ ਪਿਆਰ।
ਸੰਸਕਾਰੀ ਸਭ ਬੱਚੇ ਹੋਵਣ, ਜੋੜਨ ਵਾਲੀ ਘਰ ਦੀ ਨਾਰ।

ਰਹਿਣ ਦੇ ਲਈ ਘਰ ਇੱਕ ਹੋਵੇ, ਮਿਲਜੇ ਦੋ ਡੰਗ ਰੋਟੀ,
ਮੋਹ ਮੁਹੱਬਤ ਦਿਲੋਂ ਜੋ ਕਰਦੇ, ਦੋ ਚਾਰ ਮਿਲ ਜਾਣ ਯਾਰ।

ਮਾਂ-ਪਿਓ ਦੀਆਂ ਜੇ ਮਿਲਣ ਅਸੀਸਾਂ, ਕੀ ਲੋੜੀਂਦਾ ਹੋਰ,
ਘਰ ਹੀ ਉਹ ਹੈ ਬਣ ਜਾਂਦਾ ਫਿਰ, ਪ੍ਰਭੂ ਦਾ ਇੱਕ ਦੁਆਰ।

ਭੈਣ-ਭਾਈ ਜੇ ਤਿਉਹ ਨੇ ਕਰਦੇ, ਮਿਲਦੇ ਭੱਜ-ਭੱਜ ਆਣ,
ਏਹ ਮੁਹੱਬਤ ਸਭ ਤੋਂ ਉੱਚੀ, ਹੈ ਰਿਸ਼ਤਾ ਇਹ ਸਚਿਆਰ।

ਜਿੰਦ ਪ੍ਰਾਹੁਣੀ ਚਾਰ ਦਿਨਾਂ ਦੀ, ਨਹੀਂ ਕੁਝ ਵੀ ਜਾਣਾ ਨਾਲ,
ਕਰਦੇ ਕਾਹਤੋਂ ਝਗੜੇ ਝੇੜੇ, ਕਾਹਦੀ ਹੈ ਇਹ ਜਿੱਤ ਤੇ ਹਾਰ।

ਘਰ ਨੂੰ ਘਰ ਬਣਾਉਣ ਦੀ ਖਾਤਿਰ, ਕਰੀਏ ਕੁਝ ਤਿਆਗ,
ਛੋਟੇ-ਵੱਡੇ ਹਰ ਇੱਕ ਦਾ ਹੀ, ਅਸੀਂ ਕਰਨਾ ਹੈ ਸਤਿਕਾਰ।

ਆਕੜ ਵਿੱਚੋਂ ਕੁਝ ਨੀ ਮਿਲਣਾ, ਨਾਲ ਹਲੀਮੀ ਜੀਅ।
ਪਿਆਰ ਮੁਹੱਬਤ ਕਰ ਲੈ ਸਭ ਨੂੰ, ਲੈ ਗੁੱਸਾ ਸਾਰਾ ਪੀ।

ਫੋਕੀ ਟੌਹਰ ਬਣਾਉਣ ਦੀ ਖਾਤਰ, ਝੂਠ ਸਹਾਰਾ ਨਾ ਲਵੋ,
ਸੱਚ ਸਾਹਮਣੇ ਆ ਕੇ ਰਹਿੰਦਾ, ਇਹ ਕਦੇ ਨਾ ਲੁਕਦਾ ਥੀ।

ਦਾਅਵੇ ਸੀ ਓਹਦੇ ਵੱਡੇ-ਵੱਡੇ, ਗੱਲਾਂ ਲਿੱਚ ਗੜਿੱਚੀਆਂ,
ਪਤਾ ਨੀ ਕਿੱਥੇ ਲੁਕ ਬੈਠਾ ਹੈ, ਜਿਹੜਾ ਮੇਰਾ ਬਣਦਾ ਸੀ।

ਯਾਦ ਰੱਖੀਏ ਸਦਾ ਓਸ ਨੂੰ ਜਿਸਨੇ ਥੋੜ੍ਹਾ ਜਿਹਾ ਵੀ ਕੀਤਾ,
ਅਕ੍ਰਿਤਘਣ ਦਾ ਭਾਰ ਇਹ ਧਰਤੀ ਬਿਲਕੁਲ ਝੱਲਦੀ ਨੀ।

ਆਪਣਾ ਕੌਣ, ਕੌਣ ਪਰਾਇਆ, ਇਹੀ ਸਮਝ ਨਾ ਆਇਆ,
ਲੱਗਦੇ ਨੇ ਜੋ ਬਿਲਕੁਲ ਆਪਣੇ, ਉਹੀ ਨੇ ਠੱਗ ਜਾਂਦੇ ਵੀ।

ਉਹ ਤਾਂ ਮੇਰਾ ਮਿੱਤਰ ਹੈ, ਉਹ ਨਹੀਂ ਏਦਾਂ ਕਰ ਸਕਦਾ ਹੈ,
ਦੁੱਖ ਬੜਾ ਹੀ ਲੱਗਦਾ ਹੈ, ਜਦ ਉਹ ਏਦਾਂ ਹੀ ਕਰਦਾ ਈ।

ਨਾਲ ਹੌਸਲੇ ਤੁਰਦੇ ਜਿਹੜੇ, ਆਪਣੇ ਰਾਹ ਬਣਾਉਂਦੇ।
ਜੇਤੂ ਰਾਹਾਂ ਸਦਾ ਸਿਰਜਦੇ, ਨਵੀਂਆਂ ਲੀਹਾਂ ਪਾਉਂਦੇ।

ਉੱਚ ਉਡਾਰੀ ਉਕਾਬ ਦੀ ਹੁੰਦੀ, ਜਾ ਅੰਬਰਾਂ ਨੂੰ ਛੂਹਦੀਂ,
ਝੱਖੜ-ਝੋਲੇ ਜਿੰਨੇ ਮਰਜ਼ੀ ਉਸ ਦੇ ਰਾਹ ਵਿੱਚ ਆਉਂਦੇ।

ਜਾਨ ਹਥੇਲੀ ਰੱਖ ਕੇ ਜਿਹੜੇ, ਵੱਲ ਮੰਜ਼ਿਲ ਦੇ ਜਾਂਦੇ,
ਵਿੱਚ ਮੁਸੀਬਤ ਬੰਦੇ ਐਸੇ ਬਿਲਕੁਲ ਨਹੀਂ ਘਬਰਾਉਂਦੇ।

ਬਚ ਕੇ ਰਹਿਣਾ ਸਦਾ ਉਹਨਾਂ ਤੋਂ, ਚੁਗਲਖੋਰ ਨੇ ਜਿਹੜੇ,
ਨਿੱਕੀ ਗੱਲ ਵਧਾ ਚੜ੍ਹਾ ਕੇ ਰਾਈ ਦਾ ਨੇ ਪਹਾੜ ਬਣਾਉਂਦੇ।

ਕੋਲੇ ਬੈਠਾ ਮਿੱਤਰ ਸਾਡਾ ਜਦ ਉੱਠ ਕੇ ਚਲਾ ਹੈ ਜਾਂਦਾ,
ਕਸਰ ਕੋਈ ਨੀ ਛੱਡਦੇ ਹੈਗੇ, ਤਵਾ ਐਸਾ ਹਾਂ ਲਾਉਂਦੇ।

ਤੇਰੇ ਨਾਲ ਹੈ ਦੁਨੀਆ ਸੁਹਣੀ, ਤੇਰੇ ਸੰਗ ਬਹਾਰਾਂ ਨੇ,
ਤੇਰੇ ਲਈ ਹੀ ਕਵਿਤਾ ਲਿਖਦੇ, ਗੀਤ ਤੇਰੇ ਹੀ ਗਾਉਂਦੇ।

ਬੰਦਾ ਸੱਚ-ਮੁੱਚ ਜਾਂਦਾ ਹਾਰ।
ਆਪਣਾ ਜਦ ਹੈ ਜਾਂਦਾ ਮਾਰ!

ਡਟ ਕੇ ਨਿਭਦੇ ਮੇਰੇ ਮਿੱਤਰ,
ਕਰਦੇ ਪੱਕੇ ਕੌਲ ਕਰਾਰ।

ਕਾਹਦੇ ਨੇ ਉਹ ਮਿੱਤਰ ਹੁੰਦੇ,
ਛੱਡ ਜਾਂਦੇ ਜੋ ਵਿੱਚ ਮੰਝਧਾਰ!

ਚਾਰ ਕੁ ਦਿਨ ਦਾ ਜੀਵਨ ਹੈ,
ਸਿੱਖ ਲੈ ਰਹਿਣਾ ਨਾਲ ਪਿਆਰ।

ਮੁੜ ਕੇ ਨੀ ਇਹ ਜੁੜਦਾ ਹੈ,
ਉੱਠ ਜਾਂਦਾ ਹੈ ਜੇ ਇਤਬਾਰ।

ਇਹ ਹੈ ਤੇਰੀ ਰਹਿਮਤ ਬਾਬਾ,
ਅੱਖਰ ਜੁੜਦੇ ਉੱਠਣ ਸਾਰ।

ਸ਼ੁਕਰਾਨਾ।
ਨਜ਼ਰਾਨਾ।

ਮੁਹੱਬਤ।
ਸੁਹਬਤ।

ਜ਼ਿੰਦਗੀ।
ਬੰਦਗੀ।

ਮਾਲਕ।
ਚਾਲਕ।

ਖ਼ਾਲਕ।
ਪਾਲਕ।

ਦੋਸਤੀ।
ਪਾਕੀਜ਼ਗੀ।

ਪਿਆਰ ਦਾ ਬਾਟਾ ਭਰਿਆ ਕਰ, ਤੜਕੇ ਤੜਕੇ।
ਉਸ ਨਾਲ ਗੱਲਾਂ ਕਰਿਆ ਕਰ, ਤੜਕੇ ਤੜਕੇ।

ਕਿੰਨੀ ਕਿਰਪਾ ਤੇਰੇ ਉੱਪਰ ਕੀਤੀ ਹੈ ਉਸ ਮਾਲਕ ਨੇ,
ਹੁੰਦੇ ਸੁੰਦੇ ਸਭ ਕੁਝ ਨਾ ਮਰਿਆ ਕਰ, ਤੜਕੇ ਤੜਕੇ।

ਕਰ ਸ਼ੁਕਰਾਨਾ ਸਦਾ ਉਸਦੀਆਂ ਦਿੱਤੀਆਂ ਦਾਤਾਂ ਦਾ,
ਨਾਮ ਓਸਦਾ ਜਪਿਆ ਕਰ ਹਰ ਪਲ ਤੜਕੇ ਤੜਕੇ।

ਪਤਾ ਨਹੀਂ ਹੈ ਕਿੰਨਾ ਕੁਝ ਅੰਦਰ ਭਰਿਆ ਹੋਇਆ ਹੈ,
ਆ, ਸਭ ਨਾਲ ਸਾਂਝਾ ਕਰਿਆ ਕਰ, ਤੜਕੇ ਤੜਕੇ।

ਗੁੜ-ਗੁੜ, ਗੜ-ਗੜ ਕਰਦਾ ਰਹਿੰਦਾ ਹੈਂ ਹਰ ਵੇਲੇ,
ਬੱਦਲ ਹੈਂ ਜੇ ਸੱਚ-ਮੁੱਚ ਤਾਂ ਵਰ੍ਹਿਆ ਕਰ ਤੜਕੇ ਤੜਕੇ।

ਹਫੜਾ ਦਫੜੀ, ਭੱਜਾ ਦੌੜੀ, ਕੁਰਬਲ ਕੁਰਬਲ ਹੋਈ ਹੈ,
ਕਾਹਦੇ ਲਈ, ਕੁਝ ਸਬਰ ਤਾਂ ਕਰਿਆ ਕਰ ਤੜਕੇ ਤੜਕੇ।

ਗੱਲ ਕਰ, ਤੂੰ ਹੱਲ ਕਰ,
ਨਾ ਰੁੱਸ ਨਾ, ਗੱਲ ਕਰ।

ਨਾ ਝਾਕ ਏਧਰ ਉੱਧਰ ਤੂੰ,
ਕਰ, ਨਜ਼ਰ ਮੇਰੇ ਵੱਲ ਕਰ।

ਡਟ ਜਾਹ, ਲੱਗਿਆ ਰਹਿ,
ਅੱਜ ਕਰ ਨਾਲੇ ਕੱਲ੍ਹ ਕਰ।

ਪਿਆਰ ਕਰ ਸੱਚਾ-ਸੁੱਚਾ,
ਦਿਲ ਵਿੱਚ ਨਾ ਸੱਲ ਕਰ।

ਕੀ ਹੋਇਆ ਜੇ ਛੱਡ ਗਿਆ,
ਛੱਡ, ਐਵੇਂ ਨਾ ਤੂੰ ਝੱਲ ਕਰ।

ਹਰਕਤ ਵਿੱਚ ਹੁੰਦੀ ਹੈ ਬਰਕਤ,
ਚੱਲ ਉੱਠ, ਕੋਈ ਹਲਚਲ ਕਰ।

ਪਿਆਰ।
ਕਰਤਾਰ।

ਸਰਦਾਰ।
ਕਿਰਦਾਰ।

ਗ੍ਰਿਫ਼ਤਾਰ।
ਸਹਿਚਾਰ।

ਸਦਾਚਾਰ।
ਸਤਿਕਾਰ।

ਸਰਕਾਰ।
ਪਰਚਾਰ।

ਉਪਕਾਰ।
ਸਰਸ਼ਾਰ।

ਸੀਨਾ ਠਰਿਆ ਧਰਤ ਦਾ, ਅੰਬਰੋਂ ਬਾਰਿਸ਼ ਨਾਲ।
ਦੋਨੋ ਸੁੱਚੇ ਇਸ਼ਕ ਵਿੱਚ, ਨੇ ਇੱਕ ਦੂਜੇ ਦੀ ਢਾਲ।

ਇਸ਼ਕ ਤੇਰੇ ਨੇ ਬਦਲਤੀ, ਮੇਰੀ ਪੂਰੀ ਜੀਵਨ ਜਾਚ,
ਇਸ਼ਕ ਤੇਰੇ ਵਿੱਚ ਭਿੱਜ ਕੇ, ਹੋ ਗਈ ਲਾਲੋ-ਲਾਲ।

ਨੂਰ ਨੂਰਾਨੀ ਝਲਕਦਾ ਤੇ ਰੂਹ ਹੋ ਗਈ ਸਰਸ਼ਾਰ,
ਮੈਂ ਝੱਲੀ ਤੇਰੇ ਇਸ਼ਕ ਵਿੱਚ, ਤੂੰ ਪੁੱਛ ਨਾ ਮੇਰਾ ਹਾਲ।

ਬਿਨ ਤੇਰੇ ਕੁਝ ਨਹੀਂ ਲੋੜੀਂਦਾ, ਤੇਰਾ ਸਭ ਪਰਤਾਪ,
ਨਾਲ ਤੇਰੇ ਸਭ ਮਿਲ ਗਿਆ, ਜੀਵਨ ਮਾਲੋ-ਮਾਲ।

ਆਹ ਦੇਖ ਮੇਰੇ ਜਲੌਅ ਨੂੰ, ਹੈ ਸੂਰਜ ਵਾਲਾ ਤੇਜ,
ਪੈਰ ਨਾ ਧਰਤੀ ਲੱਗਦੇ, ਬਦਲ ਗਈ ਹੈ ਚਾਲ।

ਤੂੰ ਰੱਖੀਂ ਰਹਿਮਤ ਆਪਣੀ, ਮਿਲਦੀ ਰਹੇ ਅਸੀਸ,
ਤੇਰਾ ਸੱਚਾ ਓਟ ਤੇ ਆਸਰਾ, ਜੀਵਨ ਦੀ ਬੱਸ ਢਾਲ।

ਜਿੰਨਾ ਮਰਜ਼ੀ ਕਰਦਾ ਜਾਹ।
ਲੱਗਿਆ ਰਹਿ, ਮਰਦਾ ਜਾਹ।

ਅਸਰ ਨਹੀਂ ਹੈ ਏਸ ਧਰਤ 'ਤੇ,
ਤੂੰ ਜਿੰਨਾਂ ਮਰਜ਼ੀ ਵਰ੍ਹਦਾ ਜਾਹ।

ਜਿੱਤ ਤੇਰੀ ਉਹਨਾਂ ਹੋਣ ਨੀ ਦੇਣੀ,
ਉਹਨਾਂ ਲਈ ਬੱਸ ਹਰਦਾ ਜਾਹ।

ਜੋ ਕਹਿੰਦੇ ਨੇ ਬੱਸ ਉਹੀ ਕਰਨਾ ਹੈ,
ਜੇ ਰਹਿਣਾ ਤਾਂ ਇਹ ਕਰਦਾ ਜਾਹ।

ਤੇਰੀ ਆਪਣੀ ਕੋਈ ਹੋਂਦ ਨਹੀਂ ਹੈ,
ਕਰ ਚਾਕਰੀ, ਪਾਣੀ ਭਰਦਾ ਜਾਹ।

ਨਾ ਕੁਝ ਕਹਿਣਾ, ਸਭ ਕੁਝ ਸਹਿਣਾ,
ਬੱਸ ਹੱਸ ਹੱਸ ਸਭ ਕੁਝ ਜਰਦਾ ਜਾਹ।

ਚੁੱਪ ਰਹਿ ਵੀ ਨਹੀਂ ਹੁੰਦਾ।
ਕੁਝ ਕਹਿ ਵੀ ਨਹੀਂ ਹੁੰਦਾ।

ਹਾੜਾ ਰੁੱਸਿਆ ਨਾ ਕਰ,
ਮੇਥੋਂ ਸਹਿ ਵੀ ਨਹੀਂ ਹੁੰਦਾ।

ਕੁਝ ਕਰਿਆ ਨਹੀਂ ਜਾਂਦਾ,
ਵੇਹਲੇ ਬਹਿ ਵੀ ਨਹੀਂ ਹੁੰਦਾ।

ਏਦਾਂ ਕਿਵੇਂ ਹਾਰ ਜਾਵਾਂ,
ਏਦਾਂ ਢਹਿ ਵੀ ਨਹੀਂ ਹੁੰਦਾ।

ਤੁਰਿਆ ਜਾਨੈਂ, ਪਰ ਕਿੱਥੇ,
ਇਹ ਤਹਿ ਵੀ ਨਹੀਂ ਹੁੰਦਾ।

ਕੀ ਦੱਸਾਂ ਮੈਂ ਦਿਲ ਦਾ ਹਾਲ,
ਸੱਚੀਂ ਕਹਿ ਵੀ ਨਹੀਂ ਹੁੰਦਾ।

ਰੱਜ ਰੱਜ ਕਰੋ ਭਰੋਸਾ, ਸਭ ਨੂੰ ਪਿਆਰ ਕਰੋ !
ਕੀ ਹੋਇਆ ਜੇ ਟੁੱਟ ਗਿਆ, ਵਾਰ-ਵਾਰ ਕਰੋ !

ਮਾਪਿਆਂ ਨਾਲੋਂ ਵੱਡਾ ਤੀਰਥ ਨਹੀਂ ਹੈ ਜੱਗ ਉੱਤੇ,
ਜਿੰਨਾ ਜਿਆਦਾ ਕਰ ਸਕਦੇ ਹੋ ਸਤਿਕਾਰ ਕਰੋ।

ਦਿਲ ਦੇ ਵਿੱਚ ਹੀ ਰੱਖ ਕੇ ਬੋਝ ਕਿਉਂ ਪਾਇਆ ਹੈ,
ਜੇਕਰ ਕਰੋ ਮੁਹੱਬਤ ਤਾਂ ਇਸਦਾ ਇਜ਼ਹਾਰ ਕਰੋ।

ਕੋਈ ਗੱਲ ਨਹੀਂ ਜੇਕਰ ਇਹ ਪੂਰ ਨਹੀਂ ਚੜ੍ਹਿਆ,
ਪੂਰਾ ਇਹ ਕਦ ਹੁੰਦਾ ? ਇਹ ਸੋਚੋ ਅਤੇ ਵਿਚਾਰ ਕਰੋ।

ਸ਼ਿੱਦਤ ਦੇ ਨਾਲ ਤੱਕਦੇ ਰਹਿਣਾ ਰਾਹਾਂ ਉਸਦੀਆਂ ਨੂੰ,
ਇੱਕ ਦਿਨ ਪੱਕਾ ਆਉਣਾ ਉਸਨੇ, ਬੱਸ ਇੰਤਜ਼ਾਰ ਕਰੋ।

ਉਮਰ ਬੀਤ ਗਈ ਸੱਜਣਾਂ ਲਾਰੇ ਸਾਨੂੰ ਲਾਉਂਦਿਆਂ ਨੂੰ,
ਜੇ ਕਰਨਾ ਹੈ ਕੁਝ ਤੁਸਾਂ ਨੇ, ਹੁਣ ਮੇਰੀ ਸਰਕਾਰ ਕਰੋ।

ਈ-ਪੈਸਾ, ਈ-ਬੈਂਕਿੰਗ, ਈ-ਸੁਨੇਹੇ, ਈ-ਕੁੱਲ ਸੰਸਾਰ!
ਇੱਕ ਦੂਜੇ ਦੇ ਆਉਣਾ ਭੁੱਲੇ, ਰਹਿ ਗਿਆ ਈ-ਪਿਆਰ।

ਘਰ ਉਹੀ ਹੈ ਹੁੰਦਾ ਮਿੱਤਰੋ, ਜਿੱਥੇ ਮੋਹ ਮੁਹੱਬਤ ਵਰਸੇ,
ਵੱਡੇ ਛੋਟੇ ਕਰਦੇ ਹੋਵਣ, ਮਿਲ ਇੱਕ ਦੂਜੇ ਦਾ ਸਤਿਕਾਰ।

ਦੁੱਖ-ਸੁੱਖ ਨਾਲੋ ਨਾਲ ਨੇ ਚੱਲਦੇ, ਕੁਝ ਵੀ ਨਹੀਂ ਹੈ ਪੱਕਾ,
ਔਖੇ-ਸੌਖੇ ਹਰ ਇੱਕ ਵੇਲੇ, ਤੁਸੀਂ ਰਲ ਮਿਲ ਕਰੋ ਵਿਚਾਰ।

ਮਿੱਤਰ ਉਹ ਹੈ ਜੋ ਵਿੱਚ ਮੁਸੀਬਤ, ਖੜ੍ਹਦਾ ਨਾਲ ਤੁਹਾਡੇ,
ਭਾਗਾਂ ਵਾਲੇ ਨੇ ਉਹ, ਪਾਸ ਜਿਨ੍ਹਾਂ ਦੇ ਐਸੇ ਮਿੱਤਰ ਯਾਰ।

ਲੱਗਦਾ ਸੀ ਉਹ ਨਾਲ ਰਹਿਣਗੇ ਵਾਂਗ ਸਾਏ ਦੇ ਮੇਰੇ,
ਸਮਾਂ ਬਦਲਿਆ, ਛੱਡ ਗਏ ਨੇ, ਹੁਣ ਨਹੀਂ ਲੈਂਦੇ ਸਾਰ।

ਤੇਰੀ ਜਿੱਤ ਮੁਬਾਰਕ ਤੈਨੂੰ, ਹਰ ਪਲ ਜਿੱਤਦਾ ਰਹਿ ਸੱਜਣਾ,
ਤੇਰੀ ਜਿੱਤ ਵਿੱਚ ਮੇਰੀ ਜਿੱਤ ਹੈ, ਤੇਰੀ ਹਾਰ 'ਚ ਮੇਰੀ ਹਾਰ।

ਇੱਕ ਦੂਜੇ ਤੇ ਦੂਸ਼ਣ ਵਾਲਾ, ਉਹ ਖੇਡੀ ਜਾਂਦੇ ਖੇਲ੍ਹ।
ਬਾਹਰੋਂ ਜਾਪਣ ਵੱਖ ਮਦਾਰੀ, ਹੈ ਅੰਦਰੋਂ ਪੂਰਾ ਮੇਲ।

ਇਹ ਕੁਝ ਵੀ ਕਰ ਸਕਦੇ ਨੇ ਗੱਦੀ ਆਪਣੀ ਖਾਤਿਰ,
ਅੱਗ ਲਾਉਣ ਤੋਂ ਨਹੀਂ ਝਿਜਕਦੇ, ਪਾਉਂਦੇ ਉੱਪਰ ਤੇਲ।

ਛੋਟਾ ਨੌਕਰ ਹੋਣ ਲਈ ਵੀ, ਤੂੰ ਪੜ੍ਹ ਜਮਾਤਾਂ ਚੌਦਾਂ,
ਇਹਨਾਂ ਲਈ ਨੀ ਕੋਈ ਯੋਗਤਾ, ਬਣਦੇ ਚੌਥੀ ਫੇਲ।

ਦੁਨੀਆਂ ਨੂੰ ਸੀ ਦਿੰਦੇ ਸਿੱਖਿਆ ਤੇ ਸੰਜਮ ਵਾਲੇ ਮੰਤਰ,
ਉਹਨਾਂ ਵਿੱਚੋਂ ਬਹੁਤੇ ਬਾਬੇ, ਬੈਠੇ ਬਦਚਲਨੀ ਵਿੱਚ ਜੇਲ੍ਹ।

ਛੱਡ ਵਿਕਾਰ ਜੋ ਚੰਗਾ ਬਣਦਾ, ਨਾ ਲੋਚੇ ਬੁਰਿਆਈ,
ਜੀਵਨ ਅੰਦਰ ਸੁੱਖ ਭੋਗਦਾ, ਹੁੰਦੇ ਜਿਸਦੇ ਕਾਜ ਸੁਹੇਲ।

ਕਾਹਤੋਂ ਉੱਭਿਆ ਕਰਦਾ ਰਹਿਣਾ, ਵਾਧੂ ਮਗਜ ਖਪਾਈ,
ਜਿਆਦਾ ਨਾ ਤੂੰ ਬੋਲ ਉਹਨਾਂ ਨੂੰ, ਤੇਰਾ ਨਾ ਕੋਈ ਮੇਲ।

ਜ਼ਿੰਦਗੀ ਦੌੜ ਨਹੀਂ, ਐਵੇਂ ਨਾ ਦੌੜੀ ਜਾਹ ਮਿੱਤਰਾ।
ਇਹ ਸਫ਼ਰ ਸੁਹਾਣਾ ਹੈ, ਤੁਰ ਆਪਣੇ ਰਾਹ ਮਿੱਤਰਾ।

ਕਰ ਮੋਹ-ਮੁਹੱਬਤ ਸਭ ਨੂੰ ਤੂੰ, ਰੱਖ ਕੇ ਮਿੱਠੀ ਜਿਹਬਾ,
ਮੇਲਾ ਚਾਰ ਦਿਨਾਂ ਦਾ, ਜਿਹੜੇ ਆਉਂਦੇ ਸਾਹ ਮਿੱਤਰਾ।

ਕਰ ਸ਼ੁਕਰਾਨਾ ਉਸ ਦਿੱਤੀਆਂ ਦਾਤਾਂ ਅਤੇ ਸੋਗਾਤਾਂ ਦਾ,
ਕਰਦਾ ਰਹਿ ਤੂੰ ਹਰ ਵੇਲੇ ਉਸ ਦੀ ਵਾਹ-ਵਾਹ ਮਿੱਤਰਾ।

ਘਾਟੇ-ਵਾਧੇ, ਜਿੱਤਾਂ-ਹਾਰਾਂ ਹਿੱਸਾ ਨੇ ਇਸ ਜ਼ਿੰਦਗੀ ਦਾ,
ਕੀ ਹੋ ਗਿਆ ? ਕਾਹਤੋਂ ਬੈਠਾ ਐਵੇਂ ਢੇਰੀ ਢਾਹ ਮਿੱਤਰਾ।

ਉੱਚੇ ਸੁਪਨੇ, ਵੱਡੀਆਂ ਸੋਚਾਂ, ਰੱਖ ਕੇ ਚੱਲੀਂ ਜੀਵਨ ਵਿੱਚ,
ਉਹੀ ਪਾਉਂਦਾ ਉਹਨਾਂ ਰਾਹਾਂ ਨੂੰ, ਜਿਹੜਾ ਰੱਖੇ ਚਾਹ ਮਿੱਤਰਾ।

ਜਿਹੜੇ ਤੁਰ ਪੈਂਦੇ ਨੇ ਉਸ ਨੂੰ ਖੋਜਣ ਦੀ ਰਾਹ ਤੇ ਮਨ ਸੱਚੇ,
ਉਹ ਪਾ ਲੈਂਦੇ ਨੇ ਉਸ ਸੱਚੇ ਦੀ ਇੱਕ ਦਿਨ ਥਾਹ ਮਿੱਤਰਾ।

ਕਰਦਾ ਜਾਹ ਤੂੰ ਸੱਚੀ ਕਾਰ।
ਖੁਸ਼ੀਆਂ ਨਾਲ ਭਰੇ ਦੁਆਰ।

ਲੱਗਿਆ ਰਹਿ ਤੇ ਕਰਮ ਕਮਾ,
ਕੁਝ ਨੀ ਹੈਗੀ ਜਿੱਤ ਤੇ ਹਾਰ।

ਨਹੀਂ ਕਿਸੇ ਦਾ ਦਿਲ ਦੁਖਾਉਣਾ,
ਮਨ ਦੇ ਅੰਦਰ, ਇਹ ਪੱਕਾ ਧਾਰ।

ਚੰਗਾ ਕਰ ਲੈ ਜਿੰਨਾ ਕਰ ਸਕਦੈਂ,
ਦੀਨ ਦੁਖੀ ਦੀ ਰਹੀਂ ਲੈਂਦਾ ਸਾਰ।

ਓਹਦੇ ਘਰ ਵਿੱਚ ਘਾਟ ਕੋਈ ਨਾ,
ਨਹੀਂ ਦਿੰਦਾ ਥੱਕਦਾ ਕਿਰਪਾ-ਧਾਰ।

ਸਭ ਤੋਂ ਵੱਡਾ ਗੁਣ ਇਹ ਅਪਣਾ ਲੈ,
ਹੈ ਰਹਿਣਾ ਸਦਾ ਮੈਂ ਸ਼ੁਕਰ-ਗੁਜ਼ਾਰ।

ਲਿਖਣ ਪੜ੍ਹਣ ਨੂੰ ਅੱਜ ਤਾਂ, ਨਹੀਂ ਭੋਰਾ ਕਰਦਾ ਚਿੱਤ।
ਚੁੱਪ ਦੇ ਵਿੱਚੋਂ ਜਾਣ ਲਓ, ਅੱਜ ਸਭ ਕੁਝ ਮੇਰੇ ਮਿੱਤ।

ਵੱਡੇ ਕਾਹਦੇ ਹੋ ਗਏ, ਉੂਂਈਂ ਘਿਰ ਗਏ ਨਾਲ ਸਿਆਣਪਾਂ,
ਯਾਦ ਹੀ ਬਣਕੇ ਰਹਿ ਗਈ, ਬਚਪਨ ਵਾਲੀ ਘਤਿੱਤ।

ਬੇ-ਅਰਥੇ ਹੋ ਕੇ ਰਹਿ ਗਏ, ਜੋ ਬਹੁਤੇ ਵੱਜਦੇ ਗੀਤ,
ਨਜ਼ਰੀ ਨਹੀਂ ਹੁਣ ਆਂਵਦੇ, ਬਹਿ ਕੱਸੀ ਜੋੜੇ ਕਬਿੱਤ।

ਤਕੜੇ ਦਾ ਹੀ ਹੈ ਹੋਂਵਦਾ, ਸੱਤੀਂ ਵੀਹੀ ਸੌ ਹਮੇਸ਼ਾਂ,
ਮਾੜਾ ਬੈਠਾ ਸੋਚਦਾ ਕਦ ਮੇਰੀ ਆਊਗੀ ਮਿੱਤ।

ਰਿਸ਼ਟ-ਪੁਸ਼ਟ ਸਰੀਰ ਸੀ, ਜਦ ਫਿਰਦੇ ਸੀ ਧੁੱਪੇ ਭੌਂਕਦੇ
ਤੇ ਢੂਹੀ ਸੀ ਭਰ ਜਾਂਵਦੀ, ਨਾਲ ਦਾਣਿਆ ਵਾਲੀ ਪਿੱਤ।

ਨਾਲ ਹੌਸਲੇ ਚੱਲਦਾ ਰਹਿ, ਤੇ ਕਦੇ ਨਹੀਂ ਹੈ ਡੋਲਣਾ,
ਮਨ ਦੇ ਹਾਰੇ ਹਾਰ ਜਾਏਂਗਾ, ਤੇ ਮਨ ਦੇ ਜਿੱਤੇ ਜਿੱਤ।

ਭਰਮ ਭੁਲੇਖੇ ਅੰਦਰ ਬੰਦਾ, ਦਾਅਵੇ ਕਰਦਾ ਰਹਿੰਦਾ ਹੈ।
ਰਹਿਮਤ ਸਾਰੀ ਉਸਦੀ ਹੈ, ਸਮਝਕੇ ਆਪਣੀ ਬਹਿੰਦਾ ਹੈ।

ਨਿੱਕੀਆਂ ਨਿੱਕੀਆਂ ਜਿੱਤਾਂ ‘ਤੇ, ਸੱਤ ਅਸਮਾਨੀਂ ਜਾ ਪਹੁੰਚੇ,
ਛੋਟੀ ਜਿਹੀ ਹਾਰ ਨਾਲ ਉਹ, ਢੇਰੀ ਢਾਹ ਕੇ ਬਹਿੰਦਾ ਹੈ।

ਮਾਲਕ ਦੀ ਜੇ ਕਿਰਪਾ ਹੈ, ਕੁਝ ਨੀ ਸਕਦਾ ਕੋਈ ਵਿਗਾੜ,
ਸੱਚੀ ਨੀਅਤ ਵਾਲਾ ਬੰਦਾ, ਕਦੇ ਵੀ ਨਹੀਂਓ ਢਹਿੰਦਾ ਹੈ।

ਮੂਰਖ ਦੇ ਨਾਲ ਕਦੇ ਨਾ ਉਲਝੋ, ਪਾਸਾ ਵੱਟ ਕੇ ਲੰਘ ਜਾਵੋ,
ਉਹ ਵੀ ਬੰਦਾ ਮੂਰਖ ਹੁੰਦਾ, ਮੂਰਖ ਨਾਲ ਜੋ ਖਹਿੰਦਾ ਹੈ।

ਕਹਿਣ ਨੂੰ ਮੇਰੇ ਕੋਲੇ, ਕੋਈ ਵੱਡੀਆਂ ਗੱਲਾਂ ਨਹੀਂ ਮਿੱਤਰੋ,
ਤੁਸੀਂ ਵੀ ਸ਼ਾਇਦ ਹੋਵੋਂ ਸੋਚਦੇ, ਇਹ ਕੀ ਗੱਲਾਂ ਕਹਿੰਦਾ ਹੈ।

ਏਧਰ-ਉੱਧਰ ਭੱਜਣ ਨਾਲੋਂ, ਜੁੜ ਜਾਈਏ ਓਹ ਸੱਚੇ ਨਾਲ,
ਓਹਦੇ ਨਾਮ ਦਾ ਜੇ ਚੜ੍ਹੇ ਸਰੂਰ, ਤਾ ਉਮਰ ਨਾ ਲਹਿੰਦਾ ਹੈ।

ਕੋਈ ਗਾਲਦਾ ਗੰਢੇ, ਕਿਸੇ ਦੀ ਨਹੀਂ ਗਲਦੀ ਦਾਲ।
ਸਾਰਾ ਘਾਚਾ-ਮਾਚਾ ਹੈ, ਵਿੰਗੀ ਟੇਢੀ ਸਭ ਦੀ ਚਾਲ।

ਬੈਠ ਕਿਨਾਰੇ ਸਾਗਰ ਦੇ, ਕੁਝ ਨੀ ਮਿਲਣਾ ਹੈ ਮਿੱਤਰਾ,
ਸਿੱਪੀਆਂ ਮੋਤੀ ਲੱਭਣੇ ਨੇ ਤਾਂ ਵਿੱਚ ਸਾਗਰ ਦੇ ਭਾਲ।

ਜ਼ਖ਼ਮ ਵੀ ਦਿੱਤੇ, ਲੂਣ ਵੀ ਪਾਇਆ, ਸਾਡੇ ਉੱਪਰ ਹੱਸੇ,
ਨਾਲ ਸ਼ੈਤਾਨੀ ਆ ਕੇ ਪੁੱਛਦੇ, ਦੱਸੋ ਕੀ ਹੈ ਥੋੜਾ ਹਾਲ।

ਸ਼ੋਰ-ਸ਼ਰਾਬਾ, ਰੌਲਾ-ਗੌਲਾ, ਛਾਇਆ ਚਾਰੇ ਪਾਸੇ,
ਮੈਨੂੰ ਤਾਂ ਨੀ ਨਜ਼ਰੀ ਆਉਂਦੇ, ਕਿਧਰੇ ਸੁਰ ਤੇ ਤਾਲ।

ਸੇਵਾ ਦੀ ਹੈ ਸਿੱਖਿਆ ਦਿੱਤੀ, ਸਾਡੇ ਗੁਰੂਆਂ ਪੀਰਾਂ ਨੇ,
ਦੀਨ-ਦੁਖੀ ਦੀ ਬਣਕੇ ਰਹਿਣਾ, ਸਦਾ ਹੈ ਸੱਚੀ ਢਾਲ।

ਜਾਲ ਵਿਛਾਈ ਫਿਰਦਾ ਸੀ ਉਹ ਸਾਨੂੰ ਢੂੰਡਣ ਖਾਤਿਰ,
ਖ਼ੁਦ ਹੀ ਹੁਣ ਫਸ ਬੈਠਾ ਹੈ, ਉਹ ਵਿੱਚ ਸ਼ਿਕਾਰੀ ਜਾਲ।

ਸ਼ਹਿਰ ਤੇਰੇ ਦੇ ਲੋਕਾਂ ਦਾ, ਇਹ ਕੇਹਾ ਹਾਲ ਹੈ ਹੋਇਆ।
ਬਾਹਰੋਂ ਬਾਂਹਾਂ ਖੋਲ੍ਹ ਕੇ ਮਿਲਦੇ, ਦਿਲ ਦਾ ਬੂਹਾ ਢੋਇਆ।

ਬੇਵਿਸ਼ਵਾਸੀ, ਬੇਭਰੋਸਗੀ, ਬੇਵਿਸਾਹੀ ਵਧ ਗਈ ਚਾਰੇ ਪਾਸੇ,
ਹਰ ਇੱਕ ਬੰਦਾ ਸ਼ੱਕੀ ਹੋ ਗਿਆ, ਫਿਰਦਾ ਖੋਇਆ ਖੋਇਆ।

ਜਿਸ ਬੰਦੇ ਦੀ ਇੱਜ਼ਤ ਰੁਲ ਗਈ, ਥੂਹ-ਥੂਹ ਸਾਰੇ ਕਰਦੇ ਹੋਣ,
ਉਹਦੇ ਪੱਲੇ ਕੀ ਰਹਿ ਗਿਆ, ਉਹ ਨਾ ਜਿਉਂਦਾ ਨਾ ਮੋਇਆ।

ਜੋ ਬੀਜੋਂਗੇ ਉਹੀ ਵੱਢਣਾ, ਸੋਚ ਸਮਝਕੇ ਬੁਰਾ ਚਿਤਵਨਾ ਮਿੱਤਰੋ,
ਕਦੇ ਨਾ ਉਹ ਖੁਸ਼ੀਆਂ ਵੱਢਦਾ, ਜਿਸ ਬੀਜ ਹੈ ਮਾੜਾ ਬੋਇਆ।

ਜਿਉਣ ਦੀ ਰੁੱਤੇਂ ਤੁਰ ਜਾਂਦਾ ਹੈ, ਜਿਸ ਦੇ ਸਿਰ ਦਾ ਸਾਂਈਂ ਸੱਚਾ,
ਦੁੱਖ ਓਸਦਾ ਸਹਿ ਨਾ ਹੋਵੇ, ਜਿਸ ਨੇ ਇੱਕ ਇੱਕ ਹੰਝ ਹੈ ਰੋਇਆ।

ਠੱਗੀ ਚੋਰੀ ਏਨੀ ਵਧ ਗਈ, ਕੁਝ ਵੀ ਪਤਾ ਨਹੀਂ ਚੱਲਦਾ,
ਝੂਠਾ ਰਾਜਾ, ਝੂਠੀ ਪਰਜਾ, ਝੂਠ ਪਸਾਰਾ ਚਾਰੇ ਪਾਸੇ ਹੋਇਆ।

ਦੋਸਤ ਔਖੇ ਸਮੇਂ ਦਾ ਸਾਥ, ਦੋਸਤ ਹਰ ਦੁੱਖ ਦੀ ਅਕਸੀਰ।
ਐਸੇ ਦੋਸਤ ਵਿਰਲੇ ਲੱਭਦੇ, ਜਿਹੜੇ ਵਹਿਣ ਨਾ ਦੇਣ ਨੀਰ।

ਭੈਣ-ਭਾਈਆਂ ਦੇ ਰਿਸ਼ਤੇ ਦਾ ਨਾ ਸਾਨੀ ਕੋਈ ਦੁਨੀਆ ਤੇ,
ਭੈਣਾਂ ਮੇਰੀਆਂ ਮੰਗਦੀਆਂ ਸੁੱਖ, ਮੇਰੀਆਂ ਬਾਹਵਾਂ ਮੇਰੇ ਵੀਰ।

ਕਈ ਲੋਕਾਂ ਦੀ ਚੱਲਦੀ ਲੁਤਰੋ, ਕੁਝ ਵੀ ਨਹੀਂ ਹੈ ਵੇਂਹਦੀ,
ਸੋਚ ਸਮਝ ਕੇ ਬੋਲੋ ਭਾਈ, ਮੁੜਦਾ ਨਹੀਂ ਜੇ ਚੱਲਿਆ ਤੀਰ।

ਪੱਥਰਾਂ ਦੇ ਇਸ ਸ਼ਹਿਰ ਦੇ ਅੰਦਰ, ਪੱਥਰ ਹੋ ਕੇ ਰਹਿ ਗਏ ਹਾਂ,
ਰੂਹ ਤਾਂ ਵਿੱਚੋਂ ਨਿੱਕਲ ਗਈ, ਰਹਿ ਗਿਆ ਫੋਕਾ ਇਹ ਸਰੀਰ।

ਕੁਝ ਬੰਦਿਆ ਦਾ ਬਣ ਜਾਂਦਾ ਹੈ, ਪਤਾ ਨਹੀਂ ਕਿਹੋ ਜਿਹਾ ਸੁਭਾਅ,
ਸੁਆਹ ਨੇ ਵਿੱਚ ਮਿਲਾ ਦਿੰਦੇ, ਸੁਆਦਲੀ ਉਹ ਬਣਾ ਕੇ ਖੀਰ।

ਸਭ ਕੁਝ ਉਸਦੀ ਕਿਰਪਾ ਰਹਿਮਤ, ਸਭ ਉਸਦਾ ਹੈ ਪ੍ਰਤਾਪ,
ਇੱਕ ਵੀ ਦਾਣਾ ਖਾ ਨੀ ਸਕਦੇ, ਮੁੱਕ ਜਾਂਦਾ ਜਦ ਜੱਗ ਤੇ ਸੀਰ।

ਮੁਹੱਬਤ ਭਰੇ ਮਿੱਠੜੇ ਬੋਲ, ਬੋਲ ਤਾਂ ਸਹੀ ਕੇਰਾਂ,
ਜੇ ਨਾ ਆਵਾਂ ਤਾਂ ਫਿਰ ਕਦੀ, ਨਾਮ ਨਾ ਲਈਂ ਮੇਰਾ।

ਮੇਰਾ ਕੁਝ ਨਹੀਂ, ਸਭ ਤੇਰੀ ਹੈ ਕਿਰਪਾ ਮਾਲਕ,
ਜੋ ਵੀ ਮਿਲਿਆ, ਜੋ ਵੀ ਦੇਵੇਂ, ਉਹ ਸਭ ਹੈ ਤੇਰਾ।

ਔਖਾ ਲੱਗਦੈ, ਪਰਾਈ ਹੋ ਜਾਊ, ਧੀ ਵਿਆਹ ਤੋਂ ਪਿੱਛੋਂ,
ਆਪਣੇ ਘਰ ਫਿਰ ਪਾਉਣ ਆਏਗੀ, ਇੱਕ ਦੋ ਦਿਨ ਦਾ ਫੇਰਾ।

ਉੱਠਾਂ ਵਾਲਿਆਂ ਦੇ ਨਾਲ ਯਾਰੀ ਲਾਕੇ, ਵੱਡੇ ਰੱਖ ਦਰਵਾਜ਼ੇ,
ਗੀਂ ਗੀਂ ਨਾ ਤੂੰ ਕਰਦਾ ਰਹਿ ਉਇ, ਰੱਖ ਲੈ ਵੱਡਾ ਜੇਰਾ।

ਉਹ ਵੀ ਦਿਨ ਸਨ ਜਦ ਮਾਂ ਸੀ ਝੱਸਦੀ ਤੇਲ ਸਿਰਾਂ ਦੇ ਉੱਤੇ,
ਨਾਲੇ ਜੂੰਆਂ ਫੜਦੀ ਰਹਿੰਦੀ, ਫੜ ਲੈਂਦੀ ਸੀ ਵੱਡਾ ਢੇਰਾ।

ਰੰਗਲੇ ਦਿਨ ਉਹ ਮੁੜ ਨੀ ਲੱਭਣੇ, ਹੱਸਣ ਖੇਡਣ ਮੌਜਾਂ ਵਾਲੇ,
ਜੀਹਦੇ ਕੋਲੇ ਜਾ ਬਹਿੰਦੇ ਸੀ, ਲਾ ਲੈਂਦੇ ਸੀ ਓਥੇ ਈ ਡੇਰਾ।

ਕਿਸੇ ਨੇ ਪੁੱਛਿਆ ਕਿ ਦੋਸਤੀ ਦਾ ਕੀ ਪੈਮਾਨਾ ਹੈ ?
ਬੱਸ 'ਤੈਨੂੰ ਤਾਪ ਚੜ੍ਹੇ ਮੈਂ ਹੂੰਘਾਂ' ਵਾਲਾ ਤਰਾਨਾ ਹੈ।

ਕੁਝ ਕਰੋ ਵੱਖਰਾ ਤੇ ਪਾਓ ਪੈੜਾਂ ਵਕਤ ਦੀ ਹਿੱਕ ਤੇ,
ਦੇਖਿਓ ਕਿਸ ਤਰ੍ਹਾਂ ਯਾਦ ਕਰਦਾ ਸਾਰਾ ਜਮਾਨਾ ਹੈ ?

ਦਾਦੀ-ਦਾਦੇ ਦੇ ਪਿਆਰ ਦਾ ਨਾ ਕੋਈ ਮੇਲ ਜੱਗ 'ਤੇ,
ਲਾਡ ਉਹ ਵੀ ਵੱਖਰਾ ਹੈ ਜੋ ਕਰਦੇ ਨਾਨੀ-ਨਾਨਾ ਹੈ।

ਕੰਮ ਕੋਈ ਕਿੰਨਾ ਵੀ ਸਿੱਧਾ ਕਿਉਂ ਨਾ ਹੋਵੇ ਮੇਰੇ ਮਿੱਤਰੋ,
ਕਈ ਬੰਦੇ ਸਦਾ ਹੀ ਵਿੱਚ ਕੋਈ ਨਾ ਕੋਈ ਗੱਡਦੇ ਫਾਨਾ ਹੈ।

ਹੁੰਦੇ ਬੁੜ੍ਹੀਆਂ ਵਾਂਗ ਮੇਹਣੋ-ਮੇਹਣੀ, ਕੁਝ ਹੁੰਦੇ ਏਦਾਂ ਵੀ,
ਗੱਲ-ਗੱਲ ਤੇ ਉਹ ਨਰਾਜ਼ ਹੋ ਕੇ ਬੱਸ ਮਾਰਦੇ ਤਾਹਨਾ ਹੈ।

ਕਹਿੰਦੇ ਕੁਝ ਹੋਰ ਹਾਂ ਤੇ ਉਹ ਸਮਝਦਾ ਕੁਝ ਹੋਰ ਹੀ ਹੈ,
ਰੱਬ ਨੇ ਪਤਾ ਨੀ ਓਹਦੇ ਕਿਉਂ ਪੁੱਠਾ ਲਾਇਆ ਖਾਨਾ ਹੈ।

ਚੜ੍ਹਦੀ ਕਲਾ ਦਾ ਰਾਹ ਹੈ ਉੱਤਮ ਰਾਹ!
ਪੈ ਉਸ ਰਾਹ ਤੇ ਦਾਤੇ ਦਾ ਸ਼ੁਕਰ ਮਨਾਅ!

ਮਿਹਨਤ ਦਾ ਕੋਈ ਤੋੜ ਨਹੀਂ ਜੀਵਨ ਵਿੱਚ,
ਤਾਂਹੀ ਕਹਿੰਦੇ ਦੱਬ ਕੇ ਵਾਹ ਤੇ ਰੱਜ ਕੇ ਖਾਹ।

ਲੱਗਿਆ ਰਹਿ ਭਗਤ ਧੰਨੇ ਵਾਲੀ ਧੁਨ ਵਿੱਚ,
ਜੇ ਸੱਚ-ਮੁੱਚ ਪਾਉਣੀ ਚਾਹੁੰਦੈਂ ਉਸਦੀ ਥਾਹ।

ਜੋ ਸੁੱਖ ਛੱਜੂ ਦੇ ਚੁਬਾਰੇ, ਕਿਤੇ ਮਿਲਣਾ ਨਹੀਂ ਹੋਰ,
ਜਿੱਥੇ ਮਰਜੀ ਜਾਹ, ਜਿੰਨੀ ਮਰਜੀ ਦੁਨੀਆ ਗਾਹ।

ਚੰਗੀ ਸੰਗਤ ਰੱਖ ਤਾਂ ਚੰਗਿਆਈ ਹੀ ਮਿਲੂ ਸੱਜਣਾ,
ਕਿੱਕਰ ਨੂੰ ਵੀ ਨਾਲ ਹੋ ਚੜ੍ਹ ਜਾਂਦਾ ਹੈ ਚੰਦਨ ਦਾ ਪਾਹ।

ਹੁਣ ਹੋਰ ਤਰਲੇ ਮਿੰਨਤਾ ਨਹੀਂ ਕਰ ਸਕਦਾ ਮੈਂ ਤੇਰੇ,
ਤੇਰੀ ਮਰਜੀ ਆ, ਰੁਕਣਾ ਰੁਕ, ਜਾਣਾ ਹੈ ਤਾਂ ਜਾਹ।

ਪਤਾ ਨਹੀਂ ਕਿੱਧਰ ਜਾ ਰਹੇ ਹਾਂ, ਪਰ ਭੱਜੇ ਜਾ ਰਹੇ ਹਾਂ।
ਧੱਕੇ ਨੇ ਆਮ ਅਵਾਮ ਨੂੰ, ਖੱਬੇ ਚਾਹੇ ਸੱਜੇ ਜਾ ਰਹੇ ਹਾਂ।

ਦੋ ਲੀਰਾਂ ਲਪੇਟ ਕੇ ਤਨ ਉੱਪਰ, ਕੀ ਲਿਬਾਸ ਹੈ ਇਹ,
ਰਹੇ ਦਿਖਾ ਸਭ ਕੁਝ, ਬੱਸ ਕਹਿਣ ਨੂੰ ਕੱਜੇ ਜਾ ਰਹੇ ਹਾਂ।

ਦੋ ਡੰਗ ਦੀ ਰੋਟੀ ਨਹੀਂ ਨਸੀਬ ਹੁੰਦੀ ਬਹੁ-ਗਿਣਤੀ ਨੂੰ,
ਭੁੱਖ-ਮਰੀ ਦੀ ਇੰਤਹਾ ਹੈ, ਕਾਗਜ਼ਾਂ 'ਚ ਰੱਜੇ ਜਾ ਰਹੇ ਹਾਂ।

ਕੁਰਬਲ-ਕੁਰਬਲ ਬੱਸ ਹਰਲ ਹਰਲ ਕਰਦੇ ਫਿਰ ਰਹੇ ਹਾਂ,
ਧੱਕਮ-ਧੱਕਾ ਚਾਰੇ ਪਾਸੇ, ਇੱਕ ਦੂਜੇ 'ਚ ਵੱਜੇ ਜਾ ਰਹੇ ਹਾਂ।

ਅੱਖਾਂ ਦੇ ਸਾਹਮਣੇ ਇੱਜ਼ਤ ਹੋ ਰਹੀ ਬੇ-ਆਬਰੂ ਹਰ ਦਿਨ,
ਅਸੀਂ ਬੇ-ਸ਼ਰਮ ਮੋਟੀ ਚਮੜੀ ਵਾਲੇ ਨਿ-ਲੱਜੇ ਜਾ ਰਹੇ ਹਾਂ।

ਮਦਾਰੀ ਹਾਂ, ਕੰਮ ਸਾਡਾ ਨਿੱਤ ਨਵਾਂ ਤਮਾਸ਼ਾ ਦਿਖਾਉਣਾ ਹੈ,
ਝੂਠ ਤੁਫਾਨ ਦੀ ਪੰਡ ਸਿਰ ਤੇ, ਬੱਸ ਸਿਰਫ ਗੱਜੇ ਜਾ ਰਹੇ ਹਾਂ।

ਵਾਹ! ਵਾਹ! ਬੇਅੰਤ ਤੇ ਬੇਪਨਾਹ।
ਉਹ ਹੈ ਰਹਿਮਤਾਂ ਦਾ ਬਾਦਸ਼ਾਹ।

ਅੱਡ ਝੋਲੀ ਸਦਾ ਮੰਗ ਉਸ ਪਾਸੋਂ,
ਦਾਤਾਂ ਦੇਣਾ ਹੀ ਹੈ ਉਸਦਾ ਸੁਭਾਅ।

ਧਰਤੀ ਤੇ ਰੀਂਗਦੇ ਕੀਟ ਹਾਂ ਅਸੀਂ,
ਕੁਝ ਵੀ ਨਹੀਂ ਉਸਦੀ ਕਿਰਪਾ ਬਿਨਾਂ।

ਦਿੰਦਾ ਕਦੇ ਵੀ ਨਹੀਂ ਹੈ ਥੱਕਦਾ ਉਹ,
ਤੇ ਅਸੀਂ ਲੈਣ ਵਾਲੇ ਹੀ ਥੱਕ ਜਾਂਦੇ ਹਾਂ।

ਨਾ ਵਿਤਕਰਾ ਤੇ ਨਾ ਹੀ ਪੱਖਪਾਤ ਕੋਈ,
ਉਹ ਰਹਿਮਤਾਂ ਦਾ ਰਿਹਾ ਮੀਂਹ ਬਰਸਾਅ।

ਸਿੱਖ ਜਾਂਦਾ ਰਹਿਣਾ ਜੋ ਉਸ ਦੀ ਰਜ਼ਾ 'ਚ,
ਉਹ ਸੁੱਖ ਪਾਉਂਦਾ ਹੈ ਸਾਰੀ ਜ਼ਿੰਦਗੀ ਸਦਾ।

ਇਮਾਨਦਾਰੀ ਅੱਜ ਵੀ ਚੰਗੀ ਨੀਤੀ ਹੈ।
ਸੌਖਾ ਉਹ ਜਿਸਦੀ ਇਸ ਨਾਲ ਪ੍ਰੀਤੀ ਹੈ।

ਦੂਜਾ ਕਦੇ ਨੀ ਕੋਈ ਸਮਝ ਸਕਦਾ ਦੁੱਖ ਨੂੰ,
ਪਤਾ ਉਸਨੂੰ ਚੱਲਦਾ ਜਿਸ ਨਾਲ ਬੀਤੀ ਹੈ।

ਨਾਲੇ ਜ਼ਖ਼ਮ ਦੇਣੇ ਤੇ ਨਾਲੇ ਹੈ ਲੂਣ ਪਾਉਣਾ,
ਵਾਹ! ਕਿੰਨੀ ਚੰਗੀ ਸ਼ਹਿਰ ਤੇਰੇ ਦੀ ਰੀਤੀ ਹੈ।

ਵੱਢਿਆ ਉਹੀ ਜਾਂਦਾ ਜੋ ਬੀਜਦਾ ਹੈ ਬੰਦਾ,
ਮੁੜਕੇ ਯਕੀਨਨ ਆਉਣਾ ਜੋ ਤੁਸਾਂ ਕੀਤੀ ਹੈ।

ਉਂਗਲਾਂ ਦੇ ਪੋਟਿਆਂ ਤੇ ਗਿਣੇ ਜਾ ਸਕਦੇ ਨੇ,
ਦੋਸਤ ਉਹ ਸੱਚੇ, ਸੱਚੀ ਜਿਨ੍ਹਾਂ ਦੀ ਮੀਤੀ ਹੈ।

ਓਸ ਖੁਮਾਰੀ ਦਾ ਨਾ ਕੋਈ ਹੋਰ ਮੇਲ ਜੱਗ ਤੇ,
ਜਿਨ੍ਹਾਂ ਦਾਰੂ ਤੇਰੇ ਨਾਮ ਦੀ ਰੱਜ-ਰੱਜ ਪੀਤੀ ਹੈ।

ਪਲ ਵਿਚ ਚਿੜੀ ਤਿਹਾਈ ਮਰਦੀ,ਪਲ ਵਿੱਚ ਕਰਦਾ ਜਲ ਤੇ ਥਲ।
ਦੇਖੀ ਜਾਹ ਓਹਦੀ ਕਲਾ ਵਰਤਦੀ, ਸੱਚ ਦੇ ਰਾਹ ਤੇ ਚੱਲਦਾ ਚੱਲ।

ਕਿਰਤ ਦੀ ਕਿਰਪਾ, ਨਾਮ ਦਾ ਸਿਮਰਨ ਤੇ ਵੰਡ ਛਕਣ ਦਾ ਨੁਸਖਾ,
ਬਾਬੇ ਦੇ ਇਹ ਤਿੰਨੇ ਮੰਤਰ, ਕਰਕੇ ਲਾਗੂ, ਰਾਹ ਖੁਸ਼ੀਆਂ ਦਾ ਮੱਲ।

ਰਾਮਦਾਸ ਗੁਰ ਕਰਦਾ ਕਿਰਪਾ, ਜਿਹੜੇ ਮਨ ਸੱਚਿਓਂ ਲੜ ਲੱਗਦੇ,
ਏਧਰ ਉੱਧਰ ਛੱਡ ਕੇ ਤੱਕਣਾ, ਧਿਆ ਓਸ ਨੂੰ ਤੇ ਤੱਕ ਗੁਰੂ ਦੇ ਵੱਲ।

ਲੱਗਿਆ ਰਹਿ ਤੂੰ ਨਾਲ ਹੌਸਲੇ ਤੇ ਕਰਦਾ ਜਾਹ ਤੂੰ ਸੱਚ ਦੀ ਕਾਰ
ਐਸੀ ਨੀ ਕੋਈ ਮੁਸ਼ਕਿਲ ਸੱਜਣਾਂ, ਜਿਸਦਾ ਨਿੱਕਲੇ ਨਾ ਕੋਈ ਹੱਲ।

ਉੱਤਮਤਾ ਨੂੰ ਪਾਉਂਦੇ ਨੇ ਉਹ, ਲੱਗੇ ਰਹਿੰਦੇ ਸੱਚੀ ਧੁਨ ਵਿੱਚ ਕੰਮਾਂ ਤੇ,
ਝੱਲਿਆਂ ਵਾਂਗੂੰ ਜਿਨ੍ਹਾਂ ਕੀਤੀ ਮਿਹਨਤ, ਮਿਹਨਤ ਦਾ ਜੋ ਰੱਖਦੇ ਝੱਲ।

ਸਾਡੀ ਨਾ ਔਕਾਤ ਕੋਈ ਹੈ, ਅਸੀਂ ਹਾਂ ਕੂਕਰ ਉਸ ਸੱਚੇ ਦੇ ਦਰ ਦੇ,
ਮਾਣ-ਅਪਮਾਣ ਸਭ ਉਸਦੀ ਕਿਰਪਾ, ਬਣੀ ਰਹੇ ਬੱਸ ਸਾਡੀ ਭੱਲ।

ਧੀਆਂ ਰੌਣਕ ਹੁੰਦੀਆਂ ਹਰ ਇੱਕ ਘਰ ਦੀਆਂ ਨੇ।
ਧੀਆਂ ਘਰ ਦੀ ਦੇਹਲੀ ਸੁੱਚੀ ਕਰਦੀਆਂ ਨੇ।

ਧੀ ਹੈ ਤਾਂ ਧਰਮ ਹੈ, ਘਰ ਦਾ ਚੰਗਾ ਕਰਮ ਹੈ,
ਧੀਆਂ ਨਾਲ ਬਰਕਤਾਂ ਘਰ ਨੂੰ ਭਰਦੀਆਂ ਨੇ।

ਮਾਂ-ਬਾਪ ਦੇ ਦੁੱਖ-ਸੁੱਖ, ਮਨ ਸੱਚੇ ਤੋਂ ਸਮਝਣ,
ਔਖ-ਸੌਖ ਵੀ ਉਹਨਾਂ ਖਾਤਿਰ ਜਰਦੀਆਂ ਨੇ।

ਧੀ ਜੰਮੇ ਤਾਂ ਵੰਡ ਮਠਿਆਈ, ਇਹ ਲੱਛਮੀ ਹੈ,
ਰੱਬੀ ਰਹਿਮਤਾਂ ਦੇਖੀਂ ਫਿਰ ਕਿੱਦਾਂ ਵਰ੍ਹਦੀਆਂ ਨੇ।

ਸਾਡੀਆਂ ਧੀਆਂ ਸਾਨੂੰ ਮਾਣ ਬੜਾ ਹੈ ਦਿੱਤਾ,
ਰਾਣੀਆਂ ਧੀਆਂ ਘਰ ਨੂੰ ਸੱਚੀਂ ਰੌਸ਼ਨ ਕਰਦੀਆਂ ਨੇ।

ਜਗ-ਮਗ ਜਗ-ਮਗ ਹੋ ਜਾਂਦੀ ਹੈ ਵਿਹੜੇ ਵਿੱਚ,
ਪਹਿਲਾ ਪੈਰ ਹੀ ਜਦ ਇਹ ਘਰ 'ਚ ਧਰਦੀਆਂ ਨੇ।

ਨੀਮ ਹਕੀਮ ਖ਼ਤਰਾ-ਏ-ਜਾਨ।
ਹੈ ਅਗਿਆਨੀ ਵੰਡਦਾ ਗਿਆਨ।

ਚੋਰ ਉਚੱਕਾ ਬਣਿਆ ਚੌਧਰੀ,
ਦਿੰਦਾ ਫਿਰਦਾ ਨਿੱਤ ਫ਼ੁਰਮਾਨ।

ਠੱਗੀ ਚੋਰੀ ਜਿਸ ਰੱਜ ਕੇ ਕੀਤੀ,
ਝੂਠ ਪੁਲੰਦਾ ਹੈ ਉਹ ਬੇਈਮਾਨ।

ਕਈ ਮਖੌਟੇ ਜਿਸ ਮੁੱਖ ਤੇ ਪਹਿਨੇ,
ਉਸਦਾ ਨਹੀਂ ਕੋਈ ਦੀਨ ਇਮਾਨ।

ਮਾਲ ਚੋਰੀ ਦਾ, ਗਜ ਡਾਂਗਾ ਦੇ,
ਕਹਿੰਦਾ ਮੈਂ ਹਾਂ ਕਰਦਾ ਦਾਨ।

ਕੀ ਕਰੀਏ, ਬੱਸ ਹੈ ਝੱਲਣਾ ਪੈਂਦਾ,
ਝੂਠਾ ਕਰਨਾ ਹੈ ਪੈਂਦਾ ਗੁਣ ਗਾਣ।

ਹਾਉਮੇ ਹੈਂਕੜ ਅੰਦਰ ਸਭ ਕੁਝ ਗਾਲ ਰਿਹੈ।
ਖੁਸ਼ੀਆਂ ਖੇੜੇ ਦੱਸ ਤੂੰ ਕਿੱਥੋਂ ਭਾਲ ਰਿਹੈ ?

ਦੇਕੇ ਦੁੱਖ ਤਕਲੀਫ਼ਾਂ, ਜੋ ਖੁਸ਼ੀਆਂ ਨੂੰ ਲੱਭਦਾ,
ਉਸ ਬੇਭਾਗੇ ਦਾ ਸਦਾ ਹੀ ਮੰਦੜਾ ਹਾਲ ਰਿਹੈ।

ਬੰਦਾ ਆਪ ਸਦਾ ਹੀ ਉਸ ਵਿੱਚ ਫਸਦਾ ਹੈ,
ਦੂਜਿਆਂ ਖਾਤਿਰ ਜਿਹੜਾ ਬੁਣਦਾ ਜਾਲ ਰਿਹੈ।

ਖੁਸ਼ੀਆਂ ਉਸ ਦੇ ਬੂਹੇ ਦਸਤਕ ਦਿੰਦੀਆਂ ਹਨ,
ਜਿਹੜਾ ਲੋੜਵੰਦਾ ਦੀ ਹੈ ਬਣਦਾ ਢਾਲ ਰਿਹੈ।

ਕਾਹਨੂੰ ਪੁੱਟਦੈਂ ਖਾਈਆਂ ਦੂਜਿਆਂ ਖਾਤਿਰ ਉਇ,
ਕਾਹਤੋਂ ਹਰ ਇੱਕ ਨਾਲ ਤੂੰ ਖੇਡਣ ਚਾਲ ਰਿਹੈ।

ਬੰਦਾ ਬੰਦਿਆਂ ਵਾਲਾ ਸਭ ਕੁਝ ਛੱਡਦਾ ਜਾਂਦਾ ਹੈ,
ਮੰਡੀ ਦੇ ਇਸ ਯੁਗ ਵਿੱਚ ਬਣ ਮੰਡੀ ਦਾ ਮਾਲ ਰਿਹੈ।

ਮਨ ਦੇ ਹਾਰੇ ਹਾਰ ਹੈ ਤੇ ਮਨ ਦੀ ਜਿੱਤ ਹੈ ਜਿੱਤ।
ਨਾਲ ਸਬਰ ਦੇ ਲੱਗਿਆ ਰਹਿ, ਹੋ ਇਕਾਗਰ ਚਿੱਤ।

ਧੱਕਮ-ਧੱਕਾ ਭੀੜ ਬੜੀ ਹੈ, ਸੁਣਦਾ ਹੀ ਨੀ ਕੋਈ,
ਮਾੜੇ ਬੰਦੇ ਦੀ ਨੀ ਆਉਂਦੀ, ਅੱਜ-ਕੱਲ੍ਹ ਏਥੇ ਮਿੱਤ।

ਜਿਉਂਦੇ ਜੀਅ ਹੀ ਕਰ ਲੈ ਜਿੰਨਾ ਕਰ ਸਕਦਾ ਹੈਂ,
ਕੋਈ ਨੀ ਫਾਇਦਾ ਜੇਕਰ ਪੂਜੇਂ ਮਰੇ ਹੋਏ ਤੂੰ ਪਿੱਤ।

ਬੰਦੇ ਉਹੀ ਉੱਚੇ ਉੱਠਦੇ, ਸਦਾ ਹੀ ਕਰਨ ਤਰੱਕੀਆਂ,
ਨਾ ਵਿਸਾਰਨ ਮਨ ਵਿੱਚੋਂ, ਸਭ ਦੇ ਨੇ ਜੋ ਸਾਂਝੇ ਹਿੱਤ।

ਲੋੜੋਂ ਵੱਧ ਭਰੋਸਾ ਕਰਨਾ, ਨਹੀਂ ਖ਼ਤਰੇ ਤੋਂ ਖਾਲੀ ਹੁਣ,
ਚਤੁਰ ਚਲਾਕ ਨੇ ਬਣਗੇ ਲੋਕੀਂ, ਕਰਦੇ ਨਵੀਂ ਘਤਿੱਤ।

ਏਡੇ ਲਾਰੇ ਲਾ ਤੁਰ ਗਏ ਨੇ, ਕਿਧਰੇ ਸਾਡੇ ਰੰਗਲੇ ਸੱਜਣ,
ਲੱਗਦਾ ਜਿਉਂਦੇ ਜੀਅ ਨਹੀਂ ਆਉਣੀ, ਦੱਸੀ ਹੋਈ ਥਿੱਤ।

ਮਿਹਨਤ ਦਾ ਕੋਈ ਤੋੜ ਨਹੀਂ, ਆਲਸ ਵਰਗਾ ਕੋੜ੍ਹ ਨਹੀਂ।
ਲਗਾਤਾਰ ਜੋ ਚੱਲਦੇ ਰਹਿੰਦੇ, ਉਹਨਾਂ ਨੂੰ ਕੋਈ ਥੋੜ੍ਹ ਨਹੀਂ।

ਮਾਂ ਵਰਗਾ ਕੋਈ ਪਿਆਰ ਨਹੀਂ, ਇਸ ਤੋਂ ਵੱਡਾ ਸੰਸਾਰ ਨਹੀਂ,
ਸਾਰੇ ਘਰ ਨੂੰ ਛਾਂ ਦਿੰਦਾ ਜੋ, ਬਾਪੂ ਵਰਗਾ ਕੋਈ ਬੋਹੜ ਨਹੀਂ।

ਜਿਸ ਘਰ ਵਿੱਚ ਹੈ ਪਿਆਰ ਵਰਤਦਾ, ਸਭ ਸਨੇਹੀ ਰਹਿੰਦੇ,
ਹੋਰ ਕੀ ਮੰਗਨਾਂ ਰੱਬ ਕੋਲੋਂ, ਕੁਝ ਹੋਰ ਮੰਗਨ ਦੀ ਲੋੜ ਨਹੀਂ।

ਚੰਗੀ ਸੋਚ ਤੇ ਚੰਗੇ ਸੁਪਨੇ, ਘਰ ਵਿੱਚ ਬਰਕਤ ਲੈ ਕੇ ਆਉਂਦੇ,
ਮਨ ਸੱਚੇ ਜੋ ਕਿਰਤ ਨੇ ਕਰਦੇ, ਰਹਿੰਦੀ ਫਿਰ ਕੋਈ ਤੋੜ ਨਹੀਂ।

ਦੁੱਖ-ਸੁੱਖ ਦੇ ਨੇ ਸੱਚੇ ਸੀਰੀ, ਰਿਸ਼ਤਾ ਇਹ ਹੈ ਸਭ ਤੋਂ ਨੇੜੇ ਦਾ,
ਇੱਕ ਜੋਤ ਦੋ ਮੂਰਤ ਵਾਲੇ, ਇਸ ਰਿਸ਼ਤੇ ਜਿਹਾ ਕੋਈ ਜੋੜ ਨਹੀਂ।

ਇਹ ਜ਼ਿੰਦਗੀ ਨਹੀਂ ਇੱਕ ਬਰਾਬਰ, ਉੱਬੜ-ਖਾਬੜ ਰਸਤੇ ਮਿਲਣੇ ਨੇ,
ਨਾਲ ਹੌਸਲੇ ਲੱਗਿਆ ਰਹਿਣਾ, ਨਾ ਸਮਝੀਂ ਕਿ ਆਉਣਾ ਮੋੜ ਨਹੀਂ।

ਜਿੱਤ ਬੈਠਿਆਂ ਨਹੀਂ ਮਿਲਦੀ, ਉਪਰਾਲਾ ਕਰਨਾ ਪੈਂਦਾ ਹੈ।
ਨਿਭਣਾ ਕਿਤੇ ਸੌਖਾ ਹੁੰਦਾ ਹੈ ? ਕੱਚਿਆਂ ਤੇ ਤਰਨਾ ਪੈਂਦਾ ਹੈ।

ਜਿਹੜਾ ਬੈਠਾ ਅੱਜ ਹੈ ਉੱਚੇ ਰੁਤਬੇ ਤੇ, ਦੇਖੋ ਉਸਦੀ ਮਿਹਨਤ,
ਸੱਚੀ ਸ਼ਰਧਾ, ਪੂਰੀ ਸ਼ਿੱਦਤ, ਨਾਲ ਹੌਸਲੇ ਮਰਨਾ ਪੈਂਦਾ ਹੈ।

ਜਿਨ੍ਹਾਂ ਜੀਵਨ ਅੰਦਰ ਵੱਡੇ ਸੁਪਨੇ ਸਿਰਜੇ ਹੁੰਦੇ ਨੇ ਸੱਜਣ ਜੀ,
ਪਾਉਣ ਦੀ ਖਾਤਿਰ ਏਡੀ ਮੰਜ਼ਿਲ, ਸਭ ਕੁਝ ਜਰਨਾ ਪੈਂਦਾ ਹੈ।

ਇੱਕ ਸਮਾਂ ਐਸਾ ਵੀ ਆਉਂਦਾ ਹੈ, ਬਦਲ ਜਾਂਦੇ ਨੇ ਸਾਰੇ ਜਦ,
ਸਹੀ ਸਮਾਂ ਉਡੀਕਣ ਦੇ ਲਈ, ਘੁੱਟ ਸਬਰ ਦਾ ਭਰਨਾ ਪੈਂਦਾ ਹੈ।

ਬੰਦਾ ਸੌਖਿਆਂ ਕਿਧਰੇ ਹਾਰ ਨਹੀਂ ਮੰਨਦਾ, ਇਹ ਹਾਰੀ ਸਾਰੀ ਤੋਂ,
ਪਿਆਰ ਸੱਚੇ ਦੀ ਖਾਤਿਰ ਜਿੱਤੀ ਬਾਜੀ ਨੂੰ ਵੀ ਹਰਨਾ ਪੈਂਦਾ ਹੈ।

ਗੜ-ਗੜ ਨਾਲ ਨੀ ਬਣਦਾ ਕੁਝ, ਐਵੇਂ ਰੌਲਾ ਨਾ ਤੂੰ ਪਾ ਮਿੱਤਰਾ,
ਧਰਤ ਨੂੰ ਜੇਕਰ ਸਿੰਜਣਾ ਚਾਹੁੰਦਾ, ਤਾਂ ਖੁੱਲ੍ਹ ਕੇ ਵਰ੍ਹਨਾ ਪੈਂਦਾ ਹੈ।

ਕੋਈ ਏਸ ਵਿੱਚ, ਕੋਈ ਅਗਲੇ ਵਿੱਚ ਦੁੱਖ ਪਾਉਂਦਾ ਹੈ।
ਬੁਰਾ ਕਿਸੇ ਦਾ ਲੋਚੇ ਜੋ, ਉਹ ਹਰ ਪਾਸੇ ਪਛਤਾਉਂਦਾ ਹੈ।

ਕੋਈ ਏਸ ਵਿੱਚ, ਕੋਈ ਅਗਲੇ ਵਿੱਚ ਸੁੱਖ ਪਾਉਂਦਾ ਹੈ,
ਸਭ ਦਾ ਚੰਗਾ ਲੋਚਣ ਵਾਲਾ, ਸੁੱਖ ਸਦੈਵ ਹੰਢਾਉਂਦਾ ਹੈ।

ਕੋਈ ਏਸ ਵਿੱਚ, ਕੋਈ ਅਗਲੇ ਵਿੱਚ ਖੁਸ਼ ਰਹਿੰਦਾ ਹੈ,
ਸਭ ਲਈ ਖੁਸ਼ੀਆਂ ਮੰਗੇ ਜੋ, ਖੁਸ਼ ਸਦਾ ਹੀ ਰਹਿੰਦਾ ਹੈ।

ਕੋਈ ਏਸ ਵਿੱਚ, ਕੋਈ ਅਗਲੇ ਦੇ ਵਿੱਚ ਹੱਸਦਾ ਹੈ,
ਹਾਸੇ ਸਭ ਨੂੰ ਵੰਡੇ ਜੋ, ਰੱਬ ਉਸ ਦੇ ਅੰਦਰ ਵਸਦਾ ਹੈ।

ਕੋਈ ਏਸ ਵਿੱਚ, ਕੋਈ ਅਗਲੇ ਦੇ ਵਿੱਚ ਜਪਦਾ ਹੈ,
ਆਕੀ ਜਿਹੜਾ ਹੋ ਜਾਵੇ, ਉਹ ਤਾ ਉਮਰ ਹੀ ਤਪਦਾ ਹੈ।

ਕਿਰਤ ਨਾਲ ਜੋ ਰੱਜਿਆ ਹੋਵੇ, ਉਹ ਘੋੜੇ ਵੇਚ ਕੇ ਸੌਂਦਾ ਹੈ।
ਰਿਸ਼ਟ ਪੁਸ਼ਟ ਸਿਹਤ ਦਾ ਮਾਲਕ, ਉਹ ਚੰਗੇ ਸੁਪਨੇ ਲੈਂਦਾ ਹੈ।

ਜਿਉਂਦੇ ਜੀਅ ਨਾ ਮਰਿਆ ਕਰ।
ਐਵੇਂ ਫਿਕਰ ਨਾ ਕਰਿਆ ਕਰ।

ਦੁੱਖ-ਸੁੱਖ ਦੋਵੇਂ ਨਾਲ ਨੇ ਚੱਲਣੇ,
ਹੱਸ-ਹੱਸ ਸਭ ਕੁਝ ਜਰਿਆ ਕਰ।

ਗੜ-ਗੜ ਨਾ ਤੂੰ ਕਰਿਆ ਕਰ,
ਬੱਦਲ ਹੈਂ ਜੇ ਵਰ੍ਹਿਆ ਕਰ।

ਧੁੱਪ ਦੀ ਬੁੱਕਲ ਬੈਠ ਕੇ ਵੀ,
ਬਰਫ ਵਾਂਗ ਨਾ ਠਰਿਆ ਕਰ।

ਐਂ ਨਾ ਉੱਠ ਕੇ ਆਇਆ ਕਰ,
ਸਜਿਆ ਕਰ, ਸੰਵਰਿਆ ਕਰ।

ਖਾਲੀ ਭਾਂਡਾ, ਬੱਸ ਖੜਕੀਂ ਜਾਨੈਂ,
ਕੁਝ ਤਾਂ ਇਸ ਵਿੱਚ ਭਰਿਆ ਕਰ।

ਜੀਵਨ ਜਾਵੇ ਭੱਜਿਆ, ਉੱਭਿਆ ਕੁਝ ਤਾਂ ਕਰਲਾ ਉਇ।
ਵਿਹਲਾ ਬੈਠਾ ਯੱਕੜ ਮਾਰੇਂ, ਉੱਠ ਕੇ ਮਿਹਨਤ ਕਰਲਾ ਉਇ।

ਜੀਵਨ ਅੰਦਰ ਕਰਦੇ ਮਿਹਨਤ, ਘਰ ਦੀਆਂ ਖ਼ੁਸ਼ੀਆਂ ਲਈ।
ਕੰਮ 'ਚ ਏਨੇ ਉਲਝੇ ਰਹਿੰਦੇ, ਘਰ ਬਣ ਜਾਂਦਾ ਅੰਤਿਮ ਤਰਜੀਹ।

ਨਾਲ ਸਹਿਜ ਦੇ ਚੱਲਣ ਵਾਲਾ, ਰਾਹ ਅਪਣਾਉਣਾ ਸੌਖਾ ਨਹੀਂ।
ਲਗਨ ਨਾਲ ਜੇ ਚੱਲਦੇ ਰਹੀਏ, ਕੁਝ ਵੀ ਪਾਉਣਾ ਔਖਾ ਨਹੀਂ।

ਜ਼ਿੰਦਗੀ ਜਿਉਣ ਦਾ ਨਾਮ ਹੈ, ਕੱਟਣ ਜਾਂ ਲੰਘਾਉਣ ਦਾ ਨਹੀਂ।
ਪਿਆਰ ਕਰ, ਹੱਸ ਖੇਡ, ਇਹ ਸਮਾਂ ਰੁੱਸਣ ਰੁਸਾਉਣ ਦਾ ਨਹੀਂ।

ਪ੍ਰੇਮ ਪਿਆਲਾ ਪੀਣ ਲਈ, ਸਿਰ ਤਲੀ ਲਿਆਉਣਾ ਪੈਂਦਾ ਹੈ।
ਸੱਚ ਦਾ ਸੂਰਜ ਬਣਨ ਲਈ, ਸਿਰ ਕਲਮ ਕਰਾਉਣਾ ਪੈਂਦਾ ਹੈ।

ਚੱਲ ਦਿਲਾ ਹੁਣ ਲੱਭਣ ਚੱਲੀਏ, ਗੁਆਚੀਆਂ ਹੋਈਆਂ ਰਾਹਾਂ ਨੂੰ।
ਬਚਪਨ ਵਾਲੇ ਮਿੱਤਰਾਂ ਨੂੰ ਤੇ ਭੱਜੀਆਂ ਹੋਈਆਂ ਬਾਂਹਾਂ ਨੂੰ।

ਤੜਕੇ ਤੜਕੇ ਉੱਠਣ ਸਾਰ।
ਹਾਂ ਤੁਹਾਡਾ ਸ਼ੁਕਰਗੁਜ਼ਾਰ।

ਦਿਲੋਂ ਮੁਹੱਬਤ ਸੀ ਤੁਹਾਡੀ,
ਡੁੱਲ੍ਹ-ਡੁੱਲ੍ਹ ਪੈਂਦਾ ਹੈ ਪਿਆਰ।

ਕੱਚ-ਘਰੜ ਮੈਂ ਜੋ ਵੀ ਲਿਖਿਆ,
ਕੀਤਾ ਤੁਸੀਂ ਹੈ ਉਹ ਸਵੀਕਾਰ।

ਵੰਡਦੇ ਰਹਿਣਾ ਇਹ ਹੌਸਲਾ,
ਨਹੀਂ ਲੋੜੀਂਦਾ ਹੋਰ ਕੁਝ ਵੀ ਯਾਰ।

ਹੈ ਪੁਸਤਕ ਦੀ ਅੰਤਿਮ ਰਚਨਾ,
ਹੋਰ ਲਿਖਾਂਗਾ ਅਗਲੀ ਵਾਰ।

ਦਿਲੋਂ ਰਿਣੀ ਹਾਂ ਮੇਰੇ ਸੱਜਣ-ਮਿੱਤਰੋ,
ਹੈ ਸਦਾ ਤੁਹਾਨੂੰ ਸਜਦਾ ਤੇ ਸਤਿਕਾਰ।